# GP PATIENT SURVEY

## ਸਰਵੇਖਣ ਦੇ ਬਾਰੇ

**ਇਹ ਸਰਵੇਖਣ ਕਿਉਂ ਕੀਤਾ ਜਾ ਰਿਹਾ ਹੈ?**
GP Patient Survey ਮਰੀਜ਼ਾਂ ਨੂੰ GP ਪ੍ਰੈਕਟਿਸ ਅਤੇ ਹੋਰ ਸਥਾਨਕ NHS ਸੇਵਾਵਾਂ ਦੇ ਬਾਰੇ ਉਨ੍ਹਾਂ ਦੇ ਤਜਰਬਿਆਂ ਉੱਪਰ ਟਿੱਪਣੀ ਦੇਣ ਦੇ ਅਵਸਰ ਦੇਣ ਲਈ ਬਣਾਇਆ ਗਿਆ ਹੈ।

ਇਸ ਸਰਵੇਖਣ ਵਿੱਚ ਤੁਹਾਡੀ ਸਥਾਨਕ GP ਪ੍ਰੈਕਟਿਸ ਅਤੇ ਹੋਰ ਸਥਾਨਕ NHS ਸੇਵਾਵਾਂ ਦੇ ਤੁਹਾਡੇ ਤਜਰਬਿਆਂ ਬਾਰੇ ਪੁੱਛਿਆ ਜਾਂਦਾ ਹੈ, ਅਤੇ ਇਸ ਵਿੱਚ ਤੁਹਾਡੀ ਆਮ ਸਿਹਤ ਬਾਰੇ ਪ੍ਰਸ਼ਨ ਸ਼ਾਮਲ ਹਨ। ਇਸ ਵਿੱਚ ਅਨੇਕਾਂ ਮੁੱਦਿਆਂ ਬਾਰੇ ਸਵਾਲ ਪੁੱਛੇ ਗਏ ਹਨ, ਜਿਵੇਂ ਕਿ ਆਪਣੀ ਪ੍ਰੈਕਟਿਸ ਨਾਲ ਸੰਪਰਕ ਕਰਨਾ ਕਿੰਨਾ ਕੁ ਔਖਾ ਜਾਂ ਸੌਖਾ ਹੈ, ਹੈਲਥਕੇਅਰ ਪੇਸ਼ੇਵਰਾਂ ਤੋਂ ਮਿਲਣ ਵਾਲੀ ਦੇਖਭਾਲ ਦੀ ਕੁਆਲਿਟੀ ਕਿਹੋ ਜਿਹੀ ਹੈ, ਅਤੇ ਜਦੋਂ ਤੁਹਾਡੀ GP ਪ੍ਰੈਕਟਿਸ ਬੰਦ ਹੁੰਦੀ ਹੈ ਉਸ ਸਮੇਂ NHS ਸੇਵਾਵਾਂ ਦਾ ਅਨੁਭਵ ਕਿਹੋ ਜਿਹਾ ਹੈ। ਸਰਵੇਖਣ ਵਿੱਚ NHS ਡੈਂਟਲ ਅਤੇ ਫ਼ਾਰਮੇਸੀ ਸੇਵਾਵਾਂ ਦੇ ਤਜਰਬਿਆਂ ਬਾਰੇ ਸਵਾਲ ਵੀ ਸ਼ਾਮਲ ਹਨ।

ਸਾਨੂੰ ਪ੍ਰਾਪਤ ਹੋਏ ਜਵਾਬ NHS ਨੂੰ ਤੁਹਾਡੇ ਵਰਗੇ ਲੋਕਾਂ ਅਤੇ ਤੁਹਾਡੇ ਪਰਿਵਾਰ ਲਈ ਸਥਾਨਕ ਸਿਹਤ ਸੇਵਾਵਾਂ ਨੂੰ ਸੁਧਾਰਨ ਵਿੱਚ ਮਦਦ ਕਰਣਗੇ। ਇਹ ਮਹੱਤਵਪੂਰਣ ਹੋ ਜਾਂਦਾ ਹੈ ਕਿ ਅਸੀਂ ਤੁਹਾਡੇ ਤਜਰਬਿਆਂ ਬਾਰੇ ਜਾਣੀਏ ਭਾਵੇਂ ਤੁਸੀਂ ਹਾਲ ਹੀ ਵਿੱਚ ਆਪਣੇ GP ਪ੍ਰੈਕਟਿਸ ਵਿਖੇ ਨਹੀਂ ਗਏ ਹੋ, ਜਾਂ ਜੇਕਰ ਤੁਸੀਂ ਪਹਿਲਾਂ ਕਿਸੇ ਸਰਵੇਖਣ ਵਿੱਚ ਹਿੱਸਾ ਲਿਆ ਹੈ।

**ਇਹ ਅਸਲ ਵਿੱਚ ਕਿਸੇ ਦੁਆਰਾ ਚਲਾਇਆ ਜਾ ਰਿਹਾ ਹੈ?**
Ipsos ਇੱਕ ਸੁਤੰਤਰ ਸਰਵੇਖਣ ਏਜੰਸੀ ਹੈ, ਜੋ ਇਸ ਸਰਵੇਖਣ ਦਾ ਪ੍ਰਬੰਧ NHS England ਦੇ ਨੁਮਾਇੰਦੇ ਵਜੋਂ ਕਰ ਰਹੀ ਹੈ।

**ਮੈਨੂੰ ਹਿੱਸਾ ਲੈਣ ਲਈ ਕਿਉਂ ਸੱਦਾ ਦਿੱਤਾ ਗਿਆ ਸੀ**?
ਤੁਹਾਨੂੰ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਹੈ, ਕਿਉਂਕਿ ਤੁਹਾਨੂੰ ਇੰਗਲੈਂਡ ਵਿੱਚ GP ਕੋਲ ਰਜਿਸਟਰਡ ਸਾਰੇ ਬਾਲਗ ਮਰੀਜ਼ਾਂ ਵਿੱਚੋਂ ਬੇਤਰਤੀਬੇ ਢੰਗ ਦੇ ਨਾਲ ਚੁਣਿਆ ਗਿਆ ਸੀ। ਇੰਗਲੈਂਡ ਵਿੱਚ GP ਕੋਲ ਰਜਿਸਟਰਡ 16 ਸਾਲ ਤੋਂ ਵੱਧ ਉਮਰ ਦੇ 2.5 ਮਿਲੀਅਨ ਮਰੀਜ਼ਾਂ ਨੂੰ ਇਸ ਸਾਲ GP Patient Survey ਪ੍ਰਾਪਤ ਕਰਨ ਲਈ ਚੁਣਿਆ ਗਿਆ ਹੈ।

**ਮੈਨੂੰ ਇੱਕ ਟੈਕਸਟ ਸੁਨੇਹਾ ਕਿਉਂ ਭੇਜਿਆ ਗਿਆ ਸੀ? ਕੀ ਇਹ ਜਾਇਜ਼ (ਕਾਨੂੰਨੀ) ਹੈ?**
ਅਸੀਂ ਸਰਵੇਖਣ ਵਿੱਚ ਹਿੱਸਾ ਲੈਣ ਲਈ ਇੱਕ ਰਿਮਾਇੰਡਰ ਵਜੋਂ ਟੈਕਸਟ ਮੈਸੇਜ ਭੇਜਦੇ ਹਾਂ, ਜਿੱਥੇ ਸਾਡੇ ਕੋਲ ਮੋਬਾਈਲ ਨੰਬਰ ਹਨ। ਟੈਕਸਟ ਮੈਸੇਜ ਤੁਹਾਡੇ ਫ਼ੋਨ ਪ੍ਰਦਾਤਾ ਅਤੇ ਡਿਵਾਈਸ ਦੇ ਆਧਾਰ 'ਤੇ 'GP_Survey' ਜਾਂ 'NHS GP Patient Survey' ਤੋਂ ਭੇਜੇ ਜਾਂਦੇ ਹਨ ਹਰ ਟੈਕਸਟ ਸੁਨੇਹੇ ਵਿੱਚ ਇੱਕ ਵਿਲੱਖਣ ਲਿੰਕ ਹੁੰਦਾ ਹੈ, ਜਿਸ ਵਿੱਚ ਤੁਹਾਡੇ ਲੌਗ-ਇੰਨ ਵੇਰਵੇ ਸ਼ਾਮਲ ਹੁੰਦੇ ਹਨ। ਇਸ ਨਾਲ ਤੁਸੀਂ ਆਪਣਾ ਨਿੱਜੀ ਐਕਸੈਸ ਕੋਡ ਦਰਜ ਕੀਤੇ ਬਿਨਾਂ ਹੀ ਆਨਲਾਈਨ ਹਿੱਸਾ ਲੈ ਸਕੋਗੇ। ਇਹ ਟੈਕਸਟ ਮੈਸੇਜਾਂ ਵਿੱਚੋਂ ਇੱਕ ਦੀ ਇੱਕ ਉਦਾਹਰਨ ਹੈ।



We recently sent you a letter about your experience of your GP practice. Please click on the link to give feedback via the NHS GP Patient Survey: https://tx.vc/r/4jvbr/28vfj7/7SQaQwh You don't need to enter your log-in details. Any questions? Please call Freephone 0800 819 9135. Thank you.

ਹੋ ਸਕਦਾ ਹੈ ਕਿ ਤੁਹਾਨੂੰ ਇੱਕ ਟੈਕਸਟ ਮੈਸੇਜ ਵੀ ਪ੍ਰਾਪਤ ਹੋਵੇ ਜਿਸ ਵਿੱਚ ਇੱਕ ਈ-ਪੱਤਰ ਲਈ ਇੱਕ ਅਨੋਖਾ ਲਿੰਕ ਹੋਵੇਗਾ ਅਤੇ ਜਿਸ ਵਿੱਚ ਤੁਹਾਨੂੰ ਸਰਵੇਖਣ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਹੋਵੇਗਾ।। ਇਸ ਨਾਲ ਤੁਸੀਂ ਆਪਣਾ ਨਿੱਜੀ ਐਕਸੈਸ ਕੋਡ ਦਰਜ ਕਰਨ ਦੀ ਲੋੜ ਤੋਂ ਬਗੈਰ ਹੀ ਆਨਲਾਈਨ ਹਿੱਸਾ ਵੀ ਲੈ ਸਕੋਗੇ।

**ਇਹ ਸਰਵੇਖਣ ਦੁਬਾਰਾ ਕਿਉਂ ਕੀਤਾ ਜਾ ਰਿਹਾ ਹੈ?**

GP Patient Survey ਮਰੀਜ਼ਾਂ ਨੂੰ ਉਨ੍ਹਾਂ ਦੀ GP ਪ੍ਰੈਕਟਿਸ ਵੱਲੋਂ ਮੁਹੱਈਆ ਕੀਤੀ ਜਾਂਦੀ ਦੇਖਭਾਲ ਅਤੇ ਸੇਵਾਵਾਂ ਬਾਰੇ ਉਨ੍ਹਾਂ ਦੇ ਤਜਰਬੇ ਬਾਰੇ ਟਿੱਪਣੀ ਦੇਣ ਦੀ ਇਜਾਜ਼ਤ ਦਿੰਦੀ ਹੈ। ਅਸੀਂ ਸਮੇਂ ਦੇ ਨਾਲ ਬਦਲਾਅ ਨੂੰ ਟਰੈਕ ਕਰਨ ਅਤੇ ਸੇਵਾਵਾਂ ਦੀ ਗੁਣਵੱਤਾ ਦੀ ਨਿਗਰਾਨੀ ਕਰਨ ਲਈ ਹਰ ਸਾਲ GP Patient Survey ਕਰਦੇ ਹਾਂ। ਇਹ ਸਰਵੇਖਣ NHS ਨੂੰ GP ਪ੍ਰੈਕਟਿਸਾਂ ਅਤੇ ਹੋਰ ਸਥਾਨਕ NHS ਸੇਵਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗਾ, ਤਾਂ ਜੋ ਉਹ ਤੁਹਾਡੀਆਂ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰ ਸਕਣ।

ਭਾਵੇਂ ਤੁਸੀਂ ਪਿਛਲੇ ਸਾਲ ਸਰਵੇਖਣ ਵਿੱਚ ਭਾਗ ਲਿਆ ਸੀ ਪਰ ਇਹ ਤੁਹਾਡੇ ਵਧੇਰੇ ਹਾਲੀਆ ਤਜਰਬਿਆਂ ਬਾਰੇ ਜਾਣਨ ਲਈ ਮਹੱਤਵਪੂਰਣ ਹਨ।

**ਜੇਕਰ ਮੈਂ ਹਿੱਸਾ ਨਹੀਂ ਲੈਣਾ ਚਾਹੁੰਦਾ/ਦੀ ਤਾਂ, ਮੈਨੂੰ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ**?

ਹਿੱਸਾ ਲੈਣਾ ਪੂਰੀ ਤਰ੍ਹਾਂ ਸਵੈਇੱਛਤ ਹੈ। ਸਾਨੂੰ ਇਹ ਉਮਦੀ ਹੈ ਕਿ ਤੁਸੀਂ ਹਿੱਸਾ ਲਓਗੇ ਕਿਉਂਕਿ ਇਹ ਸਾਨੂੰ ਲੋਕਾਂ ਦੇ ਉਹਨਾਂ ਦੇ **GP** ਅਭਿਆਸ ਅਤੇ ਹੋਰ ਸਥਾਨਕ **NHS** ਸੇਵਾਵਾਂ ਦੇ ਅਨੁਭਵਾਂ ਦੀ ਸਭ ਤੋਂ ਬਿਹਤਰ ਸੰਭਵ ਤਸਵੀਰ ਦੇਵੇਗਾ।

ਜੇਕਰ ਤੁਸੀਂ ਇਸ ਸਰਵੇਖਣ ਬਾਰੇ ਕੋਈ ਰਿਮਾਇੰਡਰ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਫ੍ਰੀਫੋਨ **0800 819 9135 (**ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ **8** ਵਜੇ ਤੋਂ ਸ਼ਾਮ **9** ਵਜੇ; ਸ਼ਨੀਵਾਰ ਨੂੰ ਸਵੇਰੇ **10** ਵਜੇ ਤੋਂ ਸ਼ਾਮ **5** ਵਜੇ) **'**ਤੇ **Ipsos** ਸਰਵੇਖਣ ਹੈਲਪਲਾਈਨ ਨਾਲ ਸੰਪਰਕ ਕਰੋ। ਤੁਸੀਂ **Ipsos** ਨੂੰ **GPpatientSurvey@ipsos.com** **'**ਤੇ ਈਮੇਲ ਵੀ ਕਰ ਸਕਦੇ ਹੋ।

ਕਿਰਪਾ ਕਰਕੇ ਆਪਣਾ ਐਕਸੈਸ ਕੋਡ ਪ੍ਰਦਾਨ ਕਰਨ ਲਈ ਤਿਆਰ ਰਹੋ**,** ਜੋ ਤੁਸੀਂ ਅੱਖਰ ਦੇ ਵਿਚਕਾਰ ਲੱਭ ਸਕਦੇ ਹੋ।

**ਮੇਰੇ ਕੋਲ ਮੇਰੇ GP ਪ੍ਰੈਕਟਿਸ ਬਾਰੇ ਸ਼ਿਕਾਇਤ ਹੈ, ਜੋ ਸਰਵੇਖਣ ਵਿੱਚ ਸ਼ਾਮਲ ਨਹੀਂ ਹੈ। ਮੈਂ ਆਪਣੀ ਸ਼ਿਕਾਇਤ ਕਿਵੇਂ ਕਰ ਸਕਦਾ/ਸਕਦੀ ਹਾਂ?**

Ipsos ਤੁਹਾਡੇ ਡਾਕਟਰ, ਨਰਸ ਜਾਂ GP ਪ੍ਰੈਕਟਿਸ ਬਾਰੇ ਤੁਹਾਡੇ ਕਿਸੇ ਵੀ ਹੋਰ ਪ੍ਰਸ਼ਨ ਜਾਂ ਸ਼ਿਕਾਇਤ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦੀ ਹੈ। Ipsos ਸਿਰਫ NHS England ਤਰਫੋਂ GP Patient Survey ਕਰਵਾ ਰਹੀ ਹੈ।

ਜੇ ਤੁਸੀਂ ਆਪਣੇ GP ਅਭਿਆਸ ਬਾਰੇ ਕੋਈ ਟਿੱਪਣੀ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਹੋਰ ਤਰੀਕਿਆਂ ਨਾਲ ਲਿਖਤੀ ਫੀਡਬੈਕ ਦੇ ਸਕਦੇ ਹੋ। ਉਦਾਹਰਨ ਲਈ, ਤੁਹਾਡੇ GP ਪਰੈਕਟਿਸ ਨੂੰ ਫ੍ਰੈਂਡਜ਼ ਐਂਡ ਫੈਮਲੀ ਟੈਸਟ (Friends and Family Test, FFT) ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ ਜੋ ਤੁਹਾਨੂੰ ਆਪਣੇ ਅਨੁਭਵ ਬਾਰੇ ਟਿੱਪਣੀਆਂ ਕਰਨ ਦਿੰਦਾ ਹੈ। ਤੁਸੀਂ NHS ਵੈੱਬਸਾਈਟ ਅਤੇ Care Opinion ਸਮੇਤ ਵੈੱਬਸਾਈਟਾਂ 'ਤੇ ਟਿੱਪਣੀਆਂ ਪੋਸਟ ਕਰਕੇ ਤੁਹਾਨੂੰ ਪ੍ਰਾਪਤ ਕੀਤੀਆਂ ਸੇਵਾਵਾਂ ਬਾਰੇ ਫੀਡਬੈਕ ਵੀ ਦੇ ਸਕਦੇ ਹੋ। ਫੀਡਬੈਕ ਦੇਣ ਦੇ ਤਰੀਕੇ ਬਾਰੇ ਹੋਰ ਜਾਣਕਾਰੀ NHS England ਦੀ ਵੈੱਬਸਾਈਟ 'ਤੇ ਪ੍ਰਾਪਤ ਹੋ ਸਕਦੀ ਹੈ: https://www.england.nhs.uk/participation/get-involved/how/feedback/.

ਜੇ ਤੁਸੀਂ ਆਪਣੀ GP ਪ੍ਰੈਕਟਿਸ ਵੱਲੋਂ ਮੁਹੱਈਆ ਕੀਤੀ ਜਾਂਦੀ ਸੇਵਾ ਜਾਂ ਦੇਖਭਾਲ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਇਹ ਚੋਣ ਕਰ ਸਕਦੇ ਹੋ ਕਿ ਕੀ ਸਿੱਧੇ ਪ੍ਰੈਕਟਿਸ ਨੂੰ ਸ਼ਿਕਾਇਤ ਕਰਨੀ ਹੈ ਜਾਂ ਕਮਿਸ਼ਨਰ ਨੂੰ, ਜੋ ਕਿ ਉਹ ਸੰਗਠਨ ਹੈ ਜੋ ਤੁਹਾਨੂੰ ਮਿਲੀ ਸੇਵਾ ਜਾਂ ਦੇਖਭਾਲ ਲਈ ਭੁਗਤਾਨ ਕਰਦਾ ਹੈ। GP ਸੇਵਾਵਾਂ ਲਈ, ਕਮਿਸ਼ਨਰ ਤੁਹਾਡਾ ਸਥਾਨਕ ਏਕੀਕ੍ਰਿਤ ਦੇਖਭਾਲ ਬੋਰਡ (Integrated Care Board - ICB) ਹੁੰਦਾ ਹੈ। ਬਹੁਤ ਅਕਸਰ ਪ੍ਰੈਕਟਿਸ ਤੁਹਾਡੇ ਲਈ ਸਥਾਨਕ ਤੌਰ 'ਤੇ ਮਾਮਲੇ ਨੂੰ ਹੱਲ ਕਰਨ ਦੇ ਯੋਗ ਹੋਵੇਗੀ। ਜੇਕਰ ਤੁਸੀਂ ਆਪਣੇ ਸਥਾਨਕ ICB ਨੂੰ ਸ਼ਿਕਾਇਤ ਕਰਨਾ ਚੁਣਦੇ ਹੋ, ਤਾਂ ਤੁਸੀਂ ਇਸ ਵੈੱਬਸਾਈਟ 'ਤੇ ਪਤਾ ਲਗਾ ਸਕਦੇ ਹੋ ਕਿ ਉਹਨਾਂ ਨਾਲ ਸੰਪਰਕ ਕਿਵੇਂ ਕਰਨਾ ਹੈ: NHS England » Contact your local integrated care board (ICB)

ਸ਼ਿਕਾਇਤ ਕਰਨ ਬਾਰੇ ਜ਼ਿਆਦਾ ਜਾਣਕਾਰੀ ਹੇਠਾਂ ਦਿੱਤੀਆਂ ਵੈਬਸਾਈਟ ’ਤੇ ਲੱਭੀ ਜਾ ਸਕਦੀ ਹੈ:
NHS England » Feedback and complaints about NHS services

**ਕੀ ਮੈਂ ਸਰਵੇਖਣ ਦੇ ਨਤੀਜੇ ਵੇਖ ਸਕਦਾ/ਸਕਦੀ ਹਾਂ?**
ਹਾਂ। ਇਸ ਸਰਵੇਖਣ ਦੇ ਨਤੀਜੇ ਛਾਪੇ ਗਏ ਹਨ ਅਤੇ ਇਹਨਾਂ ਨੂੰ www.gp-patient.co.uk ‘ਤੇ ਦੇਖਿਆ ਜਾ ਸਕਦਾ ਹੈ।

## ਸਰਵੇਖਣ ਨੂੰ ਪੂਰਾ ਕਰਨਾ:

**ਕੀ ਮੈਨੂੰ ਸਾਰੇ ਪ੍ਰਸ਼ਨਾਂ ਦਾ ਉੱਤਰ ਦੇਣਾ ਪਵੇਗਾ?**
"ਤੁਹਾਡੇ ਬਾਰੇ" ਭਾਗ ਵਿੱਚ ਕਿਸੇ ਵੀ ਜਨਸੰਖਿਆ ਸੰਬੰਧੀ ਸਵਾਲਾਂ ਸਮੇਤ, ਇਹਨਾਂ ਵਿੱਚੋਂ ਕਿਸੇ ਵੀ ਪ੍ਰਸ਼ਨ ਦਾ ਉੱਤਰ ਦੇਣਾ ਸਵੈ-ਇੱਛਤ ਹੈ, ਇਸ ਲਈ ਤੁਹਾਨੂੰ ਸਾਰੇ ਉੱਤਰ ਦੇਣ ਦੀ ਜ਼ਰੂਰਤ ਨਹੀਂ ਹੈ। ਪਰ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਸੰਭਵ ਤੌਰ 'ਤੇ ਵੱਧ ਤੋਂ ਵੱਧ ਜਵਾਬ ਦੇਵੋਗੇ, ਕਿਉਂਕਿ ਇਹ ਸਾਨੂੰ ਤੁਹਾਡੇ ਤਜਰਬਿਆਂ ਦੀ ਸੰਭਾਵਿਤ ਸਭ ਤੋਂ ਵਧੀਆ ਤਸਵੀਰ ਪ੍ਰਦਾਨ ਕਰਨਗੇ।

ਆਨਲਾਈਨ ਸਰਵੇਖਣ ਵਿੱਚ ਤੁਹਾਡੇ ਪਿਛਲੇ ਉੱਤਰਾਂ ਦੇ ਅਧਾਰ 'ਤੇ ਆਟੋਮੈਟਿਕ ਰੂਪ ਵਿੱਚ ਅਜਿਹੇ ਕੁਝ ਪ੍ਰਸ਼ਨ ਛੱਡੇ ਜਾਣਗੇ ਜੋ ਤੁਹਾਡੇ ਨਾਲ ਸਬੰਧਤ ਨਹੀਂ ਹੋਣਗੇ। ਜੇ ਤੁਸੀਂ ਕਾਗਜ਼ੀ ਪ੍ਰਸ਼ਨਾਵਲੀ ਦਾ ਇਸਤੇਮਾਲ ਕਰਦੇ ਹੋਏ ਭਾਗ ਲੈਂਦੇ ਹੋ ਤਾਂ ਕਿਰਪਾ ਕਰਕੇ ਧਿਆਨ ਨਾਲ ਹਿਦਾਇਤਾਂ ਦਾ ਪਾਲਣ ਕਰੋ।

**ਕੀ ਮੈਂ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਕਾਟੇ ਦਾ?**
ਤੁਸੀਂ ਉੱਤਰ ਲਈ ਦਿੱਤੇ ਖਾਨੇ ਵਿੱਚ ਸਹੀ ਜਾਂ ਗਲਤ ਵਿਚੋਂ ਕਿਸੇ ਇੱਕ ਦਾ ਨਿਸ਼ਾਨ ਲਗਾ ਸਕਦੇ ਹੋ ਜੋ ਵੀ ਤੁਹਾਡੀ ਆਪਣੀ ਰਾਏ ਜਾਂ ਤਜਰਬੇ ਦੇ ਵਧੇਰੇ ਨੇੜੇ ਹੁੰਦਾ ਹੈ।

**ਜੇਕਰ ਮੈਨੂੰ ਸਰਵੇਖਣ ਵਿੱਚ ਹਿੱਸਾ ਲੈਣ ਵਿੱਚ ਮਦਦ ਦੀ ਜ਼ਰੂਰਤ ਹੈ ਤਾਂ ਕੀ ਹੋਵੇਗਾ**?
Ipsos ਉਹਨਾਂ ਰੋਗੀਆਂ, ਜਿਨ੍ਹਾਂ ਨੂੰ ਸਰਵੇਖਣ ਵਿੱਚ ਹਿੱਸਾ ਲੈਣ ਵਿੱਚ ਮਦਦ ਚਾਹੀਦੀ ਹੈ, ਲਈ ਫ੍ਰੀਫ਼ੋਨ ਸਰਵੇਖਣ ਹੈਲਪਲਾਈਨ ਉਪਲਬਧ ਕਰਾਉਂਦਾ ਹੈ। ਕਿਰਪਾ ਕਰਕੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਲੈ ਕੇ ਰਾਤ ਦੇ 9:00 ਵਜੇ ਤੱਕ, ਜਾਂ ਸ਼ਨੀਵਾਰ ਨੂੰ ਸਵੇਰੇ 10:00 ਵਜੇ ਤੋਂ ਲੈ ਕੇ ਸ਼ਾਮ ਦੇ 5:00 ਵਜੇ ਤੱਕ 0800 819 9135 ਉੱਤੇ ਕਾਲ ਕਰੋ।

ਜੋ ਰੋਗੀ ਕਾਗਜ਼ ਉੱਪਰ ਪ੍ਰਸ਼ਨਾਵਲੀ ਨੂੰ ਪੂਰਾ ਨਹੀਂ ਕਰਨਾ ਚਾਹੁੰਦੇ, ਉਹ www.gp-patient.co.uk/survey 'ਤੇ ਲਿੰਕ ਦੇ ਰਾਹੀਂ ਆਨਲਾਈਨ ਹਿੱਸਾ ਲੈ ਸਕਦੇ ਹਨ (ਜਦੋਂ ਸਰਵੇਖਣ ਖੁੱਲ੍ਹਾ ਹੋਵੇ)। ਕਿਰਪਾ ਕਰਕੇ ਇਹ ਵੀ ਨੋਟ ਕਰੋ ਕਿ, ਪ੍ਰਤੀ ਰੋਗੀ ਕੇਵਲ ਇੱਕ ਹੀ ਉੱਤਰ ਸਵੀਕਾਰ ਕੀਤਾ ਜਾ ਸਕਦਾ ਹੈ।

**ਪ੍ਰਸ਼ਨਾਵਲੀ ਦੇ ਮੂਹਰਲੇ ਪੰਨੇ ਉੱਤੇ BSL ਦਾ ਨਿਸ਼ਾਨ ਕੀ ਹੈ**?
ਪ੍ਰਸ਼ਨਾਵਲੀ ਦੇ ਮੂਹਰਲੇ ਪੰਨੇ ਉੱਤੇ BSL ਦਾ ਨਿਸ਼ਾਨ British Sign Language ਦਾ ਲੋਗੋ ਹੈ।

British Sign Language (BSL) ਬ੍ਰਿਟੇਨ ਵਿੱਚ ਸਾਈਨ ਲੈਂਗੁਏਜ ਦਾ ਬਹੁਤ ਹੀ ਆਮ ਰੂਪ ਹੈ। ਭਾਸ਼ਾ ਦੇ ਤੌਰ 'ਤੇ BSL ਦਾ ਆਪਣਾ ਵਿਆਕਰਣ ਢਾਂਚਾ ਅਤੇ ਸਿੰਟੈਕਸ ਹੈ, ਅਤੇ ਇਹ ਬੋਲੀ ਜਾਣ ਵਾਲੀ ਅੰਗਰੇਜ਼ੀ ਉੱਤੇ ਨਿਰਭਰ ਨਹੀਂ ਹੈ ਜਾਂ ਉਸਦੇ ਬਹੁਤੇ ਨੇੜੇ ਨਹੀਂ ਹੈ।

GP Patient Survey ਦੇ ਬਾਰੇ ਵਧੇਰੀ ਜਾਣਕਾਰੀ ਅਤੇ ਸਰਵੇਖਣ ਦਾ ਇੱਕ ਆਨਲਾਈਨ ਸੰਸਕਰਨ BSL ਵਰਤੋਂਕਾਰ ਪੇਜ ਰਾਹੀਂ British Sign Language ਵਿੱਚ ਉਪਲਬਧ ਹੈ।

**ਮੈਂ ਪ੍ਰਸ਼ਨਾਵਲੀ ਨੂੰ ਭਰਨ ਵਿੱਚ ਇੱਕ ਗਲਤੀ ਕਰ ਦਿੱਤੀ ਹੈ? ਹੁਣ ਮੈਂ ਕੀ ਕਰਾਂ?**
ਭਾਵੇਂ ਤੁਸੀਂ ਗਲਤੀ ਵੀ ਕਰ ਦਿੱਤੀ ਹੈ ਅਸੀਂ ਤਾਂ ਵੀ ਇਹ ਚਾਹਵਾਂਗੇ ਕਿ ਤੁਸੀਂ ਆਪਣੀ ਪੂਰੀ ਭਰੀ ਹੋਈ ਪ੍ਰਸ਼ਨਾਵਲੀ ਸਾਨੂੰ ਭੇਜੋ। ਤੁਸੀਂ ਬਸ ਗਲਤ ਉੱਤਰ ਵਾਲੇ ਖਾਨੇ ਨੂੰ ਪੂਰੀ ਤਰ੍ਹਾਂ ਭਰਨਾ ਹੈ ਅਤੇ ਫਿਰ ਧਿਆਨ ਨਾਲ ਸਹੀ ਖਾਨੇ 'ਤੇ ਨਿਸ਼ਾਨ ਲਗਾਉਣਾ ਹੈ।

**ਮੇਰੀ ਪ੍ਰਸ਼ਨਾਵਲੀ ਗੁੰਮ ਗਈ ਹੈ, ਕੀ ਤੁਸੀਂ ਮੈਨੂੰ ਇਸ ਦੀ ਦੂਜੀ ਕਾਪੀ ਭੇਜ ਸਕਦੇ ਹੋ?**
ਅਸੀਂ ਫ਼ਰਵਰੀ ਵਿੱਚ ਉਨ੍ਹਾਂ ਸਾਰੇ ਲੋਕਾਂ ਨੂੰ ਕਾਗਜ਼ੀ ਪ੍ਰਸ਼ਨਾਵਲੀ ਭੇਜ ਰਹੇ ਹਾਂ ਜਿਨ੍ਹਾਂ ਨੂੰ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਹੈ ਪਰ ਅਜੇ ਤੱਕ ਉਨ੍ਹਾਂ ਨੇ ਭਾਗ ਨਹੀਂ ਲਿਆ ਹੈ। ਜੇਕਰ ਤੁਸੀਂ ਇਸ ਸਮੇਂ ਤੋਂ ਬਾਅਦ ਆਪਣੀ ਪ੍ਰਸ਼ਨਾਵਲੀ ਗੁਆ ਦਿੰਦੇ ਹੋ, ਤਾਂ ਤੁਸੀਂ ਆਨਲਾਈਨ ਭਾਗ ਲੈ ਸਕਦੇ ਹੋ; ਕਿਰਪਾ ਕਰਕੇ ਆਪਣੇ ਐਕਸੈਸ ਕੋਡ ਲਈ ਸਾਨੂੰ GPPatientSurvey@ipsos.com 'ਤੇ ਈਮੇਲ ਕਰੋ ਅਤੇ ਅਸੀਂ ਤੁਹਾਨੂੰ ਈਮੇਲ ਰਾਹੀਂ ਇਹ ਭੇਜਾਂਗੇ। ਇਸ ਵਿੱਚ ਕੁਝ ਦਿਨ ਲੱਗ ਸਕਦੇ ਹਨ ਕਿਉਂਕਿ ਸਾਰੇ ਐਕਸੈਸ ਕੋਡਾਂ ਨੂੰ ਸੁਰੱਖਿਅਤ ਢੰਗ ਨਾਲ ਰੱਖਿਆ ਜਾਂਦਾ ਹੈ।

ਤੁਹਾਨੂੰ ਸਰਵੇਖਣ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਵਾਲੇ ਟੈਕਸਟ ਮੈਸੇਜ ਵੀ ਪ੍ਰਾਪਤ ਹੋ ਸਕਦੇ ਹਨ। ਜ਼ਿਆਦਾਤਰ ਟੈਕਸਟ ਮੈਸੇਜਾਂ ਵਿੱਚ ਇੱਕ ਵਿਲੱਖਣ ਲਿੰਕ ਹੁੰਦਾ ਹੈ, ਜੋ ਤੁਹਾਨੂੰ ਆਪਣਾ ਐਕਸੈਸ ਕੋਡ ਦਰਜ ਕੀਤੇ ਬਿਨਾਂ ਔਨਲਾਈਨ ਹਿੱਸਾ ਲੈਣ ਦੀ ਆਗਿਆ ਦਿੰਦਾ ਹੈ। ਕੁਝ ਟੈਕਸਟ ਮੈਸੇਜਾਂ ਵਿੱਚ ਇੱਕ ਸੱਦਾ ਈ-ਪੱਤਰ ਦਾ ਲਿੰਕ ਸ਼ਾਮਲ ਹੋਵੇਗਾ, ਜਿਸ ਨੂੰ ਤੁਸੀਂ ਸਰਵੇਖਣ ਵਿੱਚ ਹਿੱਸਾ ਲੈਣ ਦੇ ਤਰੀਕੇ ਦੀ ਵਿਆਖਿਆ ਕਰਦੇ ਹੋਏ ਔਨਲਾਈਨ ਦੇਖ ਸਕੋਗੇ।

ਜੇਕਰ ਤੁਹਾਨੂੰ ਭਾਗ ਲੈਣ ਲਈ ਵਾਧੂ ਮਦਦ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 9 ਵਜੇ ਤੱਕ, ਜਾਂ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ 0800 819 9135 'ਤੇ ਕਾਲ ਕਰੋ।

**ਕੀ ਮੇਰਾ ਜੀਵਨ ਸਾਥੀ/ਦੋਸਤ/ਕੋਈ ਹੋਰ ਵਿਅਕਤੀ ਮੇਰੇ ਲਈ ਸਰਵੇਖਣ ਵਿੱਚ ਹਿੱਸਾ ਲੈ ਸਕਦਾ ਹੈ**?
ਸਰਵੇਖਣ ਵਿੱਚ ਉਸ ਵਿਅਕਤੀ ਦੇ ਤਜਰਬਿਆਂ ਬਾਰੇ ਪੁੱਛਿਆ ਜਾਂਦਾ ਹੈ ਜਿਸਦਾ ਨਾਮ ਚਿੱਠੀ ਉੱਪਰ ਲਿਖਿਆ ਹੁੰਦਾ ਹੈ, ਇਸ ਕਰਕੇ ਹਾਲਾਂਕਿ ਤੁਸੀਂ ਇਸ ਪ੍ਰਸ਼ਨਾਵਲੀ ਨੂੰ ਭਰਨ ਵਿੱਚ ਮਦਦ ਲਈ ਕਿਸੇ ਵਿਅਕਤੀ ਨੂੰ ਕਹਿ ਸਕਦੇ ਹੋ, ਪਰ ਤੁਹਾਨੂੰ ਸਿਰਫ਼ ਆਪਣੇ ਤਜਰਬਿਆਂ ਨਾਲ ਸਬੰਧਤ ਉੱਤਰ ਹੀ ਦੇਣੇ ਚਾਹੀਦੇ ਹਨ।

**ਕੀ ਮੈਂ ਕਿਸੇ ਹੋਰ ਵਿਅਕਤੀ ਦੀ ਤਰਫ਼ੋਂ GP ਪ੍ਰੈਕਟਿਸ ਨਾਲ ਸੰਪਰਕ ਕਰਨ ਦੇ ਆਪਣੇ ਤਜਰਬੇ ਬਾਰੇ ਉੱਤਰ ਦੇ ਸਕਦਾ/ਸਕਦੀ ਹਾਂ?**
ਹਾਂ, ਪਰ ਸਿਰਫ਼ ਸਰਵੇਖਣ ਦੇ ਇੱਕ ਭਾਗ ਵਿੱਚ। ਜ਼ਿਆਦਾਤਰ ਸਰਵੇਖਣ ਵਿੱਚ ਤੁਹਾਡੇ ਤਜਰਬਿਆਂ ਬਾਰੇ ਪੁੱਛਿਆ ਗਿਆ ਹੈ। 'ਤੁਹਾਡਾ ਆਖਰੀ ਸੰਪਰਕ' ਦੇ ਸਿਰਲੇਖ ਵਾਲੇ ਭਾਗ ਵਿੱਚ (ਪ੍ਰਸ਼ਨ 8 ਤੋਂ 16 ਤਕ) ਉਹਨਾਂ ਮੌਕਿਆਂ ਬਾਰੇ ਪ੍ਰਸ਼ਨਾਂ ਦਾ ਉੱਤਰ ਦੇਣਾ ਸੰਭਵ ਹੈ ਜਦੋਂ ਤੁਸੀਂ ਖੁਦ ਲਈ ਜਾਂ ਕਿਸੇ ਹੋਰ ਵਿਅਕਤੀ ਲਈ ਪ੍ਰੈਕਟਿਸ ਨਾਲ ਸੰਪਰਕ ਕੀਤਾ ਸੀ।

ਇਸਤੋਂ ਇਲਾਵਾ, 'ਜਦੋਂ ਤੁਹਾਡੀ GP ਪ੍ਰੈਕਟਿਸ ਬੰਦ ਹੋਵੇ' (ਪ੍ਰਸ਼ਨ 33 ਤੋਂ 36 ਤਕ) ਸਿਰਲੇਖ ਵਾਲੇ ਭਾਗ ਵਿੱਚ, ਉਹਨਾਂ ਮੌਕਿਆਂ ਬਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਵੀ ਸੰਭਵ ਹੈ ਜਦੋਂ ਤੁਸੀਂ ਕਿਸੇ NHS ਸੇਵਾ ਨਾਲ ਸੰਪਰਕ ਕੀਤਾ ਸੀ ਜਾਂ ਇਸਦੀ ਵਰਤੋਂ ਕੀਤੀ ਸੀ (ਖੁਦ ਲਈ ਜਾਂ ਕਿਸੇ ਹੋਰ ਵਿਅਕਤੀ ਲਈ) ਕਿਉਂਕਿ ਤੁਹਾਡੀ GP ਪ੍ਰੈਕਟਿਸ ਬੰਦ ਸੀ।

ਪਰ ਬਾਕੀ ਦੇ ਸਵਾਲਾਂ ਦੇ ਜਵਾਬ ਕੇਵਲ ਤੁਹਾਡੇ ਅਨੁਭਵ ਦੇ ਅਧਾਰ 'ਤੇ ਦਿੱਤੇ ਜਾਣੇ ਚਾਹੀਦੇ ਹਨ।

**ਕੀ ਮੈਂ ਇਸ ਸਰਵੇਖਣ ਨੂੰ ਪੂਰਾ ਕਰਨ ਵਿੱਚ ਕਿਸੇ ਹੋਰ ਦੀ ਮਦਦ ਕਰ ਸਕਦਾ/ਸਕਦੀ ਹਾਂ?**
ਹਾਂ, ਜੇਕਰ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਇਸ ਸਰਵੇਖਣ ਨੂੰ ਭਰਨ ਵਿੱਚ ਤੁਹਾਡੀ ਮਦਦ ਦੀ ਜ਼ਰੂਰਤ ਹੈ, ਤਾਂ ਤੁਸੀਂ ਉਸ ਨੂੰ ਮਦਦ ਦੀ ਪੇਸ਼ਕਸ਼ ਕਰ ਸਕਦੇ ਹੋ। ਪਰ ਉੱਤਰ ਕੇਵਲ ਉਹਨਾਂ ਦੇ ਨਿੱਜੀ ਤਜਰਬਿਆਂ ਬਾਰੇ ਹੀ ਹੋਣੇ ਚਾਹੀਦੇ ਹਨ।

**ਕੀ ਮੈਂ ਕਿਸੇ ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਇਹ ਸਰਵੇਖਣ ਭਰ ਸਕਦਾ/ਸਕਦੀ ਹਾਂ?**
ਜੇਕਰ ਕਿਸੇ ਨੂੰ ਇਸ ਸਰਵੇਖਣ ਨੂੰ ਭਰਨ ਲਈ ਤੁਹਾਡੀ ਮਦਦ ਦੀ ਜ਼ਰੂਰਤ ਹੈ, ਤਾਂ ਤੁਸੀਂ ਮਦਦ ਕਰਨ ਲਈ ਪੇਸ਼ਕਸ਼ ਕਰ ਸਕਦੇ ਹੋ। ਪਰ ਉੱਤਰ ਕੇਵਲ ਉਹਨਾਂ ਦੇ ਆਪਣੇ ਤਜਰਬਿਆਂ ਬਾਰੇ ਹੀ ਹੋਣੇ ਚਾਹੀਦੇ ਹਨ।

ਜੇਕਰ ਤੁਹਾਡੇ ਰਿਸ਼ਤੇਦਾਰ ਜਾਂ ਦੋਸਤ ਕੋਲ ਹਿੱਸਾ ਲੈਣ ਦੀ ਸਮਰੱਥਾ ਨਹੀਂ ਹੈ, ਤਾਂ ਤੁਸੀਂ ਉਹਨਾਂ ਦੀ ਤਰਫ਼ੋਂ ਸਰਵੇਖਣ ਨੂੰ ਪੂਰਾ ਕਰ ਸਕਦੇ ਹੋ, ਜੇਕਰ ਉਹਨਾਂ ਨੇ ਤੁਹਾਨੂੰ ਅਜਿਹਾ ਕਰਨ ਦੀ ਇਜਾਜ਼ਤ ਦਿੱਤੀ ਹੈ। ਕਿਰਪਾ ਕਰਕੇ ਸਰਵੇਖਣ ਦੇ ਅੰਤ ਵਿੱਚ ਜਨਸੰਖਿਆ ਸੰਬੰਧੀ ਸਵਾਲਾਂ ਸਮੇਤ ਸਿਰਫ਼ ਉਹਨਾਂ ਦੇ ਅਨੁਭਵ ਬਾਰੇ ਸਾਰੇ ਸਵਾਲਾਂ ਦੇ ਜਵਾਬ ਦਿਓ।

Ipsos ਉਨ੍ਹਾਂ ਮਰੀਜ਼ਾਂ ਲਈ ਇੱਕ ਫ੍ਰੀਫ਼ੋਨ ਸਰਵੇਖਣ ਹੈਲਪਲਾਈਨ ਵੀ ਮੁਹੱਈਆ ਕਰਾਉਂਦੀ ਹੈ ਜਿਨ੍ਹਾਂ ਨੂੰ ਪ੍ਰਸ਼ਨਾਵਲੀ ਭਰਨ ਵਿੱਚ ਸਮੱਸਿਆਵਾਂ ਆਉਂਦੀਆਂ ਹਨ। ਕਿਰਪਾ ਕਰਕੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤ 9 ਵਜੇ, ਜਾਂ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਦੇ ਦਰਮਿਆਨ 0800 819 9135 'ਤੇ ਕਾਲ ਕਰੋ।

**ਕੀ ਮੈਨੂੰ ਚਿੱਠੀ ਨੂੰ ਵਾਪਸ ਭੇਜਣ ਦੀ ਜ਼ਰੂਰਤ ਹੈ?**
ਨਹੀਂ, ਤੁਹਾਨੂੰ ਕੇਵਲ ਭਰੀ ਹੋਈ ਪ੍ਰਸ਼ਨਾਵਲੀ ਨੂੰ ਪ੍ਰਦਾਨ ਕੀਤੇ ਗਏ ਫ੍ਰੀਪੋਸਟ ਲਿਫ਼ਾਫ਼ੇ ਵਿੱਚ ਪਾ ਕੇ ਵਾਪਸ ਭੇਜਣ ਦੀ ਜ਼ਰੂਰਤ ਹੈ।

**ਮੈਂ ਆਪਣੀ ਪ੍ਰੈਕਟਿਸ ਨੂੰ ਪਿਛਲੇ ਹਫ਼ਤੇ/ਪਿਛਲੇ ਮਹੀਨੇ/ਹਾਲ ਹੀ ਵਿੱਚ ਬਦਲਿਆ ਸੀ, ਕੀ ਅਜੇ ਵੀ ਮੈਨੂੰ ਇਸ ਸਰਵੇਖਣ ਵਿੱਚ ਭਾਗ ਲੈਣਾ ਚਾਹੀਦਾ ਹੈ?**
ਜੇ ਤੁਸੀਂ ਅਕਤੂਬਰ 2024 ਦੇ ਬਾਅਦ ਤੋਂ ਆਪਣੀ GP ਪ੍ਰੈਕਟਿਸ ਬਦਲੀ ਹੈ, ਤਾਂ ਕਿਰਪਾ ਕਰਕੇ ਤੁਹਾਡੀ GP ਪ੍ਰੈਕਟਿਸ ਬਾਰੇ ਪੁੱਛੇ ਗਏ ਪ੍ਰਸ਼ਨਾਂ ਲਈ ਕਿਰਪਾ ਕਰਕੇ ਪ੍ਰਸ਼ਨਾਂ ਦੇ ਉੱਤਰ ਉਸ ਪ੍ਰੈਕਟਿਸ ਬਾਰੇ ਦਿਓ ਜਿਸ ਨਾਲ ਤੁਸੀਂ ਇਸ ਸਮੇਂ ਤੋਂ ਪਹਿਲਾਂ ਰਜਿਸਟਰਡ ਸੀ। ਹਾਲਾਂਕਿ, ਆਪਣੀ ਆਖਰੀ ਅਪੌਇੰਟਮੈਂਟ ਬਾਰੇ ਪ੍ਰਸ਼ਨਾਂ ਲਈ, ਕਿਰਪਾ ਕਰਕੇ ਕਿਸੇ ਵੀ ਅਜਿਹੀ ਥਾਂ ਬਾਰੇ ਸੋਚੋ ਜਿੱਥੇ ਤੁਸੀਂ ਜਨਰਲ ਪ੍ਰੈਕਟਿਸ ਅਪੌਇੰਟਮੈਂਟ ਲਈ ਗਏ ਸੀ। ਇਹ ਜਨਰਲ ਪ੍ਰੈਕਟਿਸ ਦੀ ਕੋਈ ਵੀ ਲੋਕੇਸ਼ਨ ਹੋ ਸਕਦੀ ਹੈ ਜਿਵੇਂ ਕਿ GP ਪ੍ਰੈਕਟਿਸਾਂ ਜਾਂ, ਹੋਰ ਇਮਾਰਤਾਂ ਵਿੱਚ ਜਿਵੇਂ ਕਿ “GP ਹਬਜ਼” ਜਾਂ ਸਿਹਤ ਕੇਂਦਰ।

**ਪਿਛਲੇ ਸਾਲ ਮੇਰੇ GP ਅਭਿਆਸ ਵਿੱਚ ਮੇਰੀ ਕੋਈ ਅਪੌਇੰਟਮੈਂਟ ਨਹੀਂ ਹੋਈ ਹੈ, ਪਰ ਮੈਨੂੰ ਇੱਕ ਪੱਤਰ ਭੇਜਿਆ ਗਿਆ ਹੈ। ਮੈਨੂੰ ਹਿੱਸਾ ਲੈਣਾ ਚਾਹੀਦਾ ਹੈ?**
ਹਾਂ, ਜੇਕਰ ਤੁਸੀਂ GP ਅਭਿਆਸ ਨਾਲ ਰਜਿਸਟਰਡ ਹੋ। ਭਾਵੇਂ ਤੁਸੀਂ ਹਾਲ ਹੀ ਵਿੱਚ ਕਿਸੇ GP, ਨਰਸ ਜਾਂ ਹੋਰ ਸਿਹਤ-ਸੰਭਾਲ ਪੇਸ਼ੇਵਰ ਨਾਲ ਅਪੌਇੰਟਮੈਂਟ ਨਹੀਂ ਕੀਤੀ ਹੈ, ਤੁਹਾਡੇ ਜਵਾਬ ਹਾਲੇ ਵੀ ਸਾਡੇ ਲਈ ਕੀਮਤੀ ਹਨ। ਸਰਵੇਖਣ ਵਿੱਚ ਅਜਿਹੇ ਸਵਾਲ ਹਨ, ਜਿਨ੍ਹਾਂ ਵਿੱਚ ਇਹ ਪੁੱਛਿਆ ਗਿਆ ਹੈ ਕਿ ਤੁਸੀਂ ਆਖਰੀ ਵਾਰ ਕਦੋਂ ਆਪਣੇ GP ਅਭਿਆਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਤੁਹਾਡੀ ਪਿਛਲੀ ਵਾਰ ਆਮ ਪਰੈਕਟਿਸ ਅਪੌਇੰਟਮੈਂਟ ਕਦੋਂ ਹੋਈ ਸੀ। ਇਹ ਸਾਨੂੰ ਇਹ ਸਮਝਣ ਵਿੱਚ ਮਦਦ ਕਰਨਗੇ ਕਿ ਤੁਹਾਡਾ ਅਨੁਭਵ ਤਾਜ਼ਾ ਹੈ ਜਾਂ ਨਹੀਂ।

**ਮੈਂ ਆਪਣੀ ਪ੍ਰੈਕਟਿਸ ਵਿਖੇ ਆਮ ਤੌਰ 'ਤੇ GP (ਡਾਕਟਰ) ਦੀ ਬਜਾਏ ਕਿਸੇ ਨਰਸ ਜਾਂ ਹੋਰ ਸਿਹਤ-ਸੰਭਾਲ ਪੇਸ਼ੇਵਰ ਨੂੰ ਮਿਲਦਾ/ਮਿਲਦੀ ਹਾਂ। ਕੀ ਮੈਂ ਫਿਰ ਵੀ ਸਰਵੇਖਣ ਵਿੱਚ ਭਾਗ ਲੈ ਸਕਦਾ/ਸਕਦੀ ਹਾਂ?**
ਹਾਂ, ਤੁਸੀਂ ਫਿਰ ਵੀ ਭਾਗ ਲੈ ਸਕਦੇ ਹੋ। ਪ੍ਰਸ਼ਨ ਪ੍ਰੈਕਟਿਸ ਵਿੱਚ ਕੰਮ ਕਰ ਰਹੇ ਸਾਰੇ ਸਿਹਤ ਸੰਭਾਲ ਪੇਸ਼ੇਵਰਾਂ, ਜਿਵੇਂ ਕਿ ਨਰਸਾਂ, ਫਾਰਮਾਸਿਸਟ ਜਾਂ ਮਾਨਸਿਕ ਸਿਹਤ ਪੇਸ਼ੇਵਰਾਂ, ਅਤੇ ਨਾਲ ਹੀ GP ਦੇ ਨਾਲ ਤੁਹਾਡੇ ਅਨੁਭਵਾਂ ਨੂੰ ਕਵਰ ਕਰਦੇ ਹਨ। ਇਹਨਾਂ ਅਪੌਇੰਟਮੈਂਟਾਂ ਬਾਰੇ ਤੁਹਾਡਾ ਫੀਡਬੈਕ ਸਮੁੱਚੀ ਅਭਿਆਸ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਉਨਾ ਹੀ ਕੀਮਤੀ ਹੈ।

**ਮੈਨੂੰ ਇਸ ਵਿੱਚ ਕਦੋਂ ਤੱਕ ਭਾਗ ਲੈਣਾ ਹੋਵੇਗਾ?**
ਕਿਰਪਾ ਕਰਕੇ ਜਿੰਨੀ ਛੇਤੀ ਹੋ ਸਕਦਾ ਹੈ ਓਨੀ ਛੇਤੀ ਹਿੱਸਾ ਲਓ, ਅਤੇ ਇਹ ਯਕੀਨੀ ਬਣਾਓ ਕਿ ਤੁਸੀਂ ਕਿਸੇ ਵੀ ਸੂਰਤ ਵਿੱਚ 31 ਮਾਰਚ 2025 ਤੱਕ ਸਰਵੇਖਣ ਪੂਰਾ ਕਰ ਲੈਂਦੇ ਹੋ।

**ਮੈਨੂੰ ਆਪਣੀ ਚਿੱਠੀ ਨਾਲ ਲਿਫ਼ਾਫ਼ਾ/ਪ੍ਰਸ਼ਨਾਵਲੀ ਪ੍ਰਾਪਤ ਨਹੀਂ ਹੋਈ ਹੈ?**
ਅਸੀਂ ਫਰਵਰੀ ਵਿੱਚ ਉਹਨਾਂ ਲੋਕਾਂ ਨੂੰ ਇੱਕ ਪੇਪਰ ਪ੍ਰਸ਼ਨਾਵਲੀ ਭੇਜਾਂਗੇ ਜਿਨ੍ਹਾਂ ਨੂੰ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਹੈ ਪਰ ਹਾਲੇ ਤੱਕ ਅਜਿਹਾ ਨਹੀਂ ਕੀਤਾ ਗਿਆ ਹੈ।

ਜੇਕਰ ਤੁਸੀਂ ਪੇਪਰ ਪ੍ਰਸ਼ਨਾਵਲੀ ਦੀ ਵਰਤੋਂ ਕਰਕੇ ਹਿੱਸਾ ਲੈਣਾ ਚਾਹੁੰਦੇ ਹੋ, ਤਾਂ ਫ੍ਰੀਫੋਨ 0800 819 9135 'ਤੇ ਇਪਸੋਸ ਹੈਲਪਲਾਈਨ ਟੀਮ ਨਾਲ ਸੰਪਰਕ ਕਰੋ ਜਾਂ GPPatientSurvey@ipsos.com 'ਤੇ ਈਮੇਲ ਕਰੋ। ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੇ ਕੋਲ 12-ਅੱਖਰਾਂ ਦਾ ਪਹੁੰਚ ਕੋਡ ਹੈ।

ਜੇਕਰ ਤੁਹਾਡੇ ਕੋਲ ਪ੍ਰਸ਼ਨਾਵਲੀ ਹੈ (ਪਰ ਕੋਈ ਲਿਫ਼ਾਫ਼ਾ ਨਹੀਂ ਹੈ), ਤਾਂ ਕਿਰਪਾ ਕਰਕੇ ਪ੍ਰਸ਼ਨਾਵਲੀ ਨੂੰ ਸਿਰਫ਼ “FREEPOST GP PATIENT SURVEY” ਮਾਰਕ ਕੀਤੇ ਹੋਏ ਲਿਫ਼ਾਫ਼ੇ ਵਿੱਚ ਪਾ ਦਿਓ। ਤੁਹਾਨੂੰ ਮੋਹਰ ਦੀ ਜ਼ਰੂਰਤ ਨਹੀਂ ਹੈ।

ਤੁਸੀਂ www.gp-patient.co.uk/survey (ਜਦੋਂ ਸਰਵੇਖਣ ਖੁੱਲ੍ਹਾ ਹੁੰਦਾ ਹੈ) 'ਤੇ ਆਨਲਾਈਨ ਵੀ ਸਰਵੇਖਣ ਪੂਰਾ ਕਰ ਸਕਦੇ ਹੋ। ਜੇਕਰ ਤੁਸੀਂ ਆਪਣਾ ਐਕਸੈਸ ਕੋਡ ਗੁਆ ਦਿੱਤਾ ਹੈ, ਤਾਂ ਕਿਰਪਾ ਕਰਕੇ ਆਪਣੀ ਬੇਨਤੀ ਦੇ ਨਾਲ GPPatientSurvey@ipsos.com 'ਤੇ ਈਮੇਲ ਕਰੋ ਅਤੇ ਅਸੀਂ ਤੁਹਾਨੂੰ ਇਹ ਵਾਪਸ ਈਮੇਲ ਕਰਾਂਗੇ। ਇਸ ਵਿੱਚ ਕੁਝ ਦਿਨ ਲੱਗ ਸਕਦੇ ਹਨ ਕਿਉਂਕਿ ਸਾਰੇ ਐਕਸੈਸ ਕੋਡ ਸੁਰੱਖਿਅਤ ਢੰਗ ਨਾਲ ਰੱਖੇ ਗਏ ਹਨ।

# ਪ੍ਰਸ਼ਨਾਵਲੀ ਨੂੰ ਆਨਲਾਈਨ ਪੂਰਾ ਕਰਨਾ:

**ਕੀ ਮੈਂ ਪ੍ਰਸ਼ਨਾਵਲੀ ਨੂੰ ਆਨਲਾਈਨ ਪੂਰਾ ਕਰ ਸਕਦਾ/ਸਕਦੀ ਹਾਂ?**
ਹਾਂ, ਤੁਸੀਂ ਆਨਲਾਈਨ www.gp-patient.co.uk/survey 'ਤੇ ਲਿੰਕ ਰਾਹੀਂ ਹਿੱਸਾ ਲੈ ਸਕਦੇ ਹੋ। ਤੁਹਾਨੂੰ ਆਪਣਾ ਐਕਸੈਸ ਕੋਡ ਦਰਜ ਕਰਨ ਦੀ ਜ਼ਰੂਰਤ ਹੋਵੇਗੀ। ਐਕਸੈਸ ਕੋਡ ਤੁਹਾਡੇ ਪੱਤਰ ਦੇ ਮੱਧ ਵਿੱਚ ਛਪਿਆ ਹੋਇਆ ਹੈ। ਹਾਲਾਂਕਿ, ਕਿਰਪਾ ਕਰਕੇ ਇਹ ਨੋਟ ਕਰੋ ਕਿ ਪ੍ਰਤੀ ਰੋਗੀ ਕੇਵਲ ਇੱਕ ਹੀ ਉੱਤਰ ਸਵੀਕਾਰ ਕੀਤਾ ਜਾਵੇਗਾ।

**ਮੈਂ ਸਰਵੇਖਣ ਨੂੰ ਆਨਲਾਈਨ ਪੂਰਾ ਕਰਨ ਲਈ ਲੋੜੀਂਦਾ ਐਕਸੈਸ ਕੋਡ ਗੁਆ ਚੁੱਕਾ/ਚੁੱਕੀ ਹਾਂ। ਕੀ ਮੈਂ ਇਸਨੂੰ ਦੁਬਾਰਾ ਪ੍ਰਾਪਤ ਕਰ ਸਕਦਾ/ਸਕਦੀ ਹਾਂ?**
ਜੇਕਰ ਤੁਸੀਂ ਆਪਣਾ ਐਕਸੈਸ ਕੋਡ ਗੁਆ ਲਿਆ ਹੈ, ਤਾਂ ਕਿਰਪਾ ਕਰਕੇ ਆਪਣੀ ਬੇਨਤੀ ਦੇ ਨਾਲ GPPatientSurvey@ipsos.com 'ਤੇ ਈਮੇਲ ਕਰੋ ਅਤੇ ਅਸੀਂ ਤੁਹਾਨੂੰ ਇਹ ਵਾਪਿਸ ਈਮੇਲ ਕਰ ਦਿਆਂਗੇ। ਇਸ ਵਿੱਚ ਕੁਝ ਦਿਨਾਂ ਦਾ ਸਮਾਂ ਲੱਗ ਸਕਦਾ ਹੈ ਕਿਉਂਕਿ ਸਾਰੇ ਸਰਵੇਖਣ ਨੰਬਰ ਅਤੇ ਪਾਸਵਰਡ ਸੁਰੱਖਿਅਤ ਢੰਗ ਨਾਲ ਰੱਖੇ ਗਏ ਹਨ।

ਵਿਕਲਪਿਕ ਤੌਰ 'ਤੇ, ਤੁਸੀਂ ਉਦੋਂ ਤੱਕ ਇੰਤਜ਼ਾਰ ਕਰ ਸਕਦੇ ਹੋ ਜਦੋਂ ਤੱਕ ਤੁਹਾਨੂੰ ਅਗਲੀ ਰਿਮਾਈਂਡਰ ਚਿੱਠੀ ਜਾਂ ਟੈਕਸਟ ਸੁਨੇਹਾ ਨਹੀਂ ਮਿਲਦਾ, ਜੋ ਉਹਨਾਂ ਸਾਰੇ ਲੋਕਾਂ ਨੂੰ ਭੇਜੇ ਜਾਣਗੇ ਜਿਨ੍ਹਾਂ ਨੇ ਸਰਵੇਖਣ ਨਹੀਂ ਭਰਿਆ ਹੈ। ਤੁਹਾਡਾ ਐਕਸੈਸ ਕੋਡ ਚਿੱਠੀ ਉੱਪਰ ਪ੍ਰਿੰਟ ਕੀਤਾ ਹੋਇਆ ਹੋਵੇਗਾ।

**ਮੈਂ ਆਨਲਾਈਨ ਹਿੱਸਾ ਲੈਣ ਲਈ ਐਕਸੈਸ ਕੋਡ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?**
ਤੁਹਾਡਾ ਐਕਸੈਸ ਕੋਡ 12 ਅੱਖਰਾਂ ਦਾ ਹੈ ਅਤੇ ਤੁਹਾਡੀ ਚਿੱਠੀ ਜਾਂ ਪ੍ਰਸ਼ਨਾਵਲੀ 'ਤੇ ਇਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ: XXXX-XXXX-XXXX. ਉਦਾਹਰਨ ਲਈ, 9N67-MYQK-FPSB. ਜਦੋਂ ਤੁਸੀਂ ਆਨਲਾਈਨ ਸਰਵੇਖਣ ਵਿੱਚ ਆਪਣਾ ਐਕਸੈਸ ਕੋਡ ਦਾਖਲ ਕਰਦੇ ਹੋ, ਤਾਂ ਕਿਰਪਾ ਕਰਕੇ ਹਰੇਕ ਬਕਸੇ ਵਿੱਚ 4 ਅੱਖਰ ਟਾਈਪ ਕਰੋ।

ਇਸ ਤੋਂ ਇਲਾਵਾ, ਮਰੀਜ਼ਾਂ ਨੂੰ ਸਰਵੇਖਣ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਲਈ ਟੈਕਸਟ ਮੈਸੇਜ ਭੇਜੇ ਜਾਂਦੇ ਹਨ, ਜਿੱਥੇ ਮੋਬਾਈਲ ਨੰਬਰ ਉਪਲਬਧ ਹਨ। ਟੈਕਸਟ ਮੈਸੇਜਾਂ ਵਿੱਚ ਇੱਕ ਵਿਲੱਖਣ ਲਿੰਕ ਹੋਵੇਗਾ, ਜੋ ਤੁਹਾਨੂੰ ਆਪਣਾ ਐਕਸੈਸ ਕੋਡ ਦਰਜ ਕੀਤੇ ਬਿਨਾਂ ਔਨਲਾਈਨ ਹਿੱਸਾ ਲੈਣ ਦੀ ਆਗਿਆ ਦਿੰਦਾ ਹੈ। ਕੁਝ ਟੈਕਸਟ ਮੈਸੇਜਾਂ ਵਿੱਚ ਇੱਕ ਸੱਦਾ ਈ-ਪੱਤਰ ਦਾ ਲਿੰਕ ਸ਼ਾਮਲ ਹੋਵੇਗਾ, ਜਿਸ ਵਿੱਚ ਇਹ ਦੱਸਿਆ ਜਾਵੇਗਾ ਕਿ ਸਰਵੇਖਣ ਵਿੱਚ ਕਿਵੇਂ ਹਿੱਸਾ ਲੈਣਾ ਹੈ।







ਤੁਹਾਨੂੰ ਸਰਵੇਖਣ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਜਾਂ ਯਾਦ ਦਿਵਾਉਣ ਲਈ ਇੱਕ ਈਮੇਲ ਵੀ ਪ੍ਰਾਪਤ ਹੋ ਸਕਦੀ ਹੈ। ਇਹਨਾਂ ਵਿੱਚ ਔਨਲਾਈਨ ਸਰਵੇਖਣ ਲਈ ਇੱਕ ਵਿਲੱਖਣ ਲਿੰਕ ਵੀ ਹੋਵੇਗਾ।

**ਜੇਕਰ ਮੈਂ ਹੋਰ ਖੋਜ ਲਈ ਦੁਬਾਰਾ ਸੰਪਰਕ ਕਰਨ ਲਈ ਸਹਿਮਤ ਹਾਂ, ਤਾਂ ਕੀ ਹੋਵੇਗਾ?**
ਪਹਿਲਾਂ, ਕਿਸੇ ਵੀ ਭਵਿੱਖੀ ਖੋਜ ਵਿੱਚ ਹਿੱਸਾ ਲੈਣਾ ਸਵੈਇੱਛਤ ਹੈ। ਤੁਹਾਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨ ਲਈ ਹਮੇਸ਼ਾ ਲੋੜੀਂਦੀ ਜਾਣਕਾਰੀ ਦਿੱਤੀ ਜਾਵੇਗੀ ਕਿ ਕੀ ਤੁਸੀਂ ਪਹਿਲਾਂ ਤੋਂ ਹਿੱਸਾ ਲੈਣਾ ਚਾਹੁੰਦੇ ਹੋ।

ਜੇਕਰ ਤੁਸੀਂ ਦੁਬਾਰਾ ਸੰਪਰਕ ਕਰਨ ਦੀ ਇਜਾਜ਼ਤ ਦਿੱਤੀ ਹੈ, ਤਾਂ ਅਸੀਂ ਅਗਲੇ ਦੋ ਸਾਲਾਂ ਲਈ ਤੁਹਾਡੇ ਸੰਪਰਕ ਵੇਰਵਿਆਂ ਨੂੰ ਸੁਰੱਖਿਅਤ ਰੱਖਾਂਗੇ। **NHS England** ਸਾਰੀਆਂ ਯੋਜਨਾਬੱਧ ਫਾਲੋ-ਅੱਪ ਖੋਜਾਂ ਨੂੰ ਮਨਜ਼ੂਰੀ ਦੇਵੇਗਾ। **NHSE** ਤੁਹਾਨੂੰ ਕਿਸੇ ਵੀ ਨਵੀਂ ਖੋਜ ਬਾਰੇ ਦੱਸਣ ਲਈ ਆਪਣੀ ਤਰਫ਼ੋਂ **Ipsos** ਨੂੰ ਤੁਹਾਡੇ ਨਾਲ ਸੰਪਰਕ ਕਰਨ ਲਈ ਕਹੇਗਾ ਅਤੇ ਜੇਕਰ ਤੁਸੀਂ ਇਜਾਜ਼ਤ ਦਿੰਦੇ ਹੋ, ਤਾਂ ਹੀ ਤੁਹਾਡੇ ਵੇਰਵਿਆਂ ਨੂੰ ਕਿਸੇ ਪ੍ਰਵਾਨਿਤ ਸੰਸਥਾ ਨਾਲ ਸਾਂਝਾ ਕਰੇਗਾ।

ਜੇਕਰ ਤੁਸੀਂ ਇੱਕ ਦੇਖਭਾਲਕਰਤਾ ਹੋ ਅਤੇ ਤੁਹਾਡੇ ਅਨੁਭਵ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਲਈ ਰਾਸ਼ਟਰੀ ਅੰਕੜਿਆਂ ਲਈ ਦਫਤਰ (Office for National Statistics, ONS) ਨੂੰ ਇਜਾਜ਼ਤ ਦਿੱਤੀ ਹੈ, ਤਾਂ ਤੁਹਾਡੇ ਵੇਰਵੇ ਉਹਨਾਂ ਨਾਲ ਸਾਂਝੇ ਕੀਤੇ ਜਾਣਗੇ।

ਜੇਕਰ ਤੁਸੀਂ ਭਵਿੱਖੀ ਖੋਜ ਬਾਰੇ ਸੰਪਰਕ ਕੀਤੇ ਜਾਣ ਲਈ ਸਹਿਮਤ ਹੋ, ਤਾਂ ਅਪ੍ਰੈਲ **2027** ਤੱਕ ਤੁਹਾਡੇ ਡੇਟਾ ਨੂੰ ਸੁਰੱਖਿਅਤ ਢੰਗ ਨਾਲ ਸਾਡੇ ਸਿਸਟਮਾਂ ਤੋਂ ਹਟਾ ਦਿੱਤਾ ਜਾਵੇਗਾ। ਤੁਹਾਨੂੰ ਇਸ ਸਮੇਂ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣਾ ਮਨ ਬਦਲਣ ਦਾ ਅਧਿਕਾਰ ਹੈ।
ਜੇਕਰ ਤੁਸੀਂ **'ਨਹੀਂ'** ਕਿਹਾ ਹੈ, ਤਾਂ ਇਸ ਸਰਵੇਖਣ ਲਈ ਕਿਸੇ ਵੀ ਫਾਲੋ-ਅੱਪ ਖੋਜ ਬਾਰੇ ਤੁਹਾਡੇ ਨਾਲ ਸੰਪਰਕ ਨਹੀਂ ਕੀਤਾ ਜਾਵੇਗਾ। ਅਸੀਂ ਤੁਹਾਡੀ ਗੋਪਨੀਯਤਾ ਨੀਤੀ ਦੇ ਅਨੁਸਾਰ ਤੁਹਾਡੇ ਸੰਪਰਕ ਵੇਰਵਿਆਂ ਅਤੇ **NHS** ਨੰਬਰ ਨੂੰ ਮਿਟਾ ਦੇਵਾਂਗੇ। ਜੇਕਰ ਤੁਸੀਂ ਹਿੱਸਾ ਲੈਣ ਲਈ ਬੇਤਰਤੀਬੇ ਤੌਰ 'ਤੇ ਚੁਣੇ ਗਏ ਹੋ ਤਾਂ ਭਵਿੱਖ ਵਿੱਚ ਤੁਹਾਡੇ ਨਾਲ **GP Patient Survey** ਜਾਂ ਹੋਰ ਸਰਵੇਖਣਾਂ ਬਾਰੇ ਹਾਲੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ: **www.gp-patient.co.uk/confidentiality.**

## ਹਿੱਸਾ ਲੈਣਾ:

**ਮੈਨੂੰ ਹਿੱਸਾ ਲੈਣ ਲਈ ਕਿਉਂ ਨਹੀਂ ਬੁਲਾਇਆ ਗਿਆ? ਮੈਂ ਇਸ ਸਰਵੇਖਣ ਵਿੱਚ ਕਿਸ ਤਰ੍ਹਾਂ ਹਿੱਸਾ ਲਵਾਂ?**

ਇਹ ਸਰਵੇਖਣ ਬੇਤਰਤੀਬੇ ਢੰਗ ਨਾਲ ਚੁਣੇ ਗਏ ਉਹਨਾਂ ਲੋਕਾਂ ਨੂੰ ਭੇਜਿਆ ਜਾ ਰਿਹਾ ਹੈ ਜੋ ਇੰਗਲੈਂਡ ਵਿੱਚ ਇੱਕ GP ਨਾਲ ਪੰਜੀਕ੍ਰਿਤ ਹਨ। ਇਹ ਯਕੀਨੀ ਬਣਾਉਣ ਲਈ ਕਿ ਸਰਵੇਖਣ ਸਹੀ ਹੈ, Ipsos ਉਹਨਾਂ ਲੋਕਾਂ ਨੂੰ ਸੱਦਾ ਨਹੀਂ ਦੇ ਸਕਦੀ ਜੋ ਸਰਵੇਖਣ ਵਿੱਚ ਭਾਗ ਲੈਣ ਲਈ ਪਹਿਲਾਂ ਹੀ ਬੇਤਰਤੀਬੇ ਢੰਗ ਨਾਲ ਚੁਣੇ ਨਹੀਂ ਗਏ ਹਨ।

ਹਾਲਾਂਕਿ, NHS England ਉਹਨਾਂ ਦੁਆਰਾ ਪ੍ਰਾਪਤ ਕੀਤੀਆਂ ਸੇਵਾਵਾਂ ਬਾਰੇ ਮਰੀਜ਼ ਦੇ ਵਿਚਾਰ ਸੁਣਨ ਲਈ ਵਚਨਬੱਧ ਹੈ, ਅਤੇ ਅਜਿਹੇ ਹੋਰ ਵੀ ਤਰੀਕੇ ਹਨ ਜਿਨ੍ਹਾਂ ਨਾਲ ਤੁਸੀਂ ਫ਼ੀਡਬੈਕ ਦੇ ਸਕਦੇ ਹੋ। ਉਦਾਹਰਨ ਲਈ, ਤੁਹਾਡੀ GP ਪ੍ਰੈਕਟਿਸ ਨੂੰ ਫ੍ਰੈਂਡਜ਼ ਐਂਡ ਫੈਮਲੀ ਟੈਸਟ (FFT) ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ ਜਿਸ ਵਿੱਚ ਤੁਸੀਂ ਆਪਣੇ ਅਨੁਭਵ ਬਾਰੇ ਟਿੱਪਣੀਆਂ ਦੇ ਸਕਦੇ ਹੋ। ਤੁਸੀਂ ਵੈੱਬਸਾਈਟਾਂ 'ਤੇ ਟਿੱਪਣੀਆਂ ਪੋਸਟ ਕਰਕੇ ਵੀ ਤੁਹਾਨੂੰ ਮਿਲੀਆਂ ਸੇਵਾਵਾਂ ਬਾਰੇ ਫ਼ੀਡਬੈਕ ਦੇ ਸਕਦੇ ਹੋ ਜਿਨ੍ਹਾਂ ਵਿੱਚ NHS ਵੈੱਬਸਾਈਟ ਅਤੇ ਕੇਅਰ ਓਪੀਨੀਅਨ (Care Opinion) ਸ਼ਾਮਲ ਹਨ।

ਵਿਕਲਪਕ ਤੌਰ 'ਤੇ, ਤੁਸੀਂ ਕਮਿਸ਼ਨਰ ਨੂੰ ਫ਼ੀਡਬੈਕ ਦੇ ਸਕਦੇ ਹੋ, ਜੋ ਕਿ ਉਹ ਸੰਗਠਨ ਹੈ ਜਿਹੜਾ ਤੁਹਾਨੂੰ ਮਿਲੀ ਸੇਵਾ ਜਾਂ ਦੇਖਭਾਲ ਲਈ ਭੁਗਤਾਨ ਕਰਦਾ ਹੈ। GP ਸੇਵਾਵਾਂ ਲਈ, ਤੁਹਾਨੂੰ ਆਪਣੇ ਸਥਾਨਕ ਏਕੀਕ੍ਰਿਤ ਦੇਖਭਾਲ ਬੋਰਡ (ICB) ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਇਸ ਸਮੇਂ ਮੈਂ ਕਿਸੇ GP ਕੋਲ ਰਜਿਸਟਰਡ ਨਹੀਂ ਹਾਂ, ਕੀ ਫਿਰ ਵੀ ਮੈਂ ਇਸ ਵਿੱਚ ਭਾਗ ਲੈ ਸਕਦਾ/ਸਕਦੀ ਹਾਂ?**

ਇਹ ਸਰਵੇਖਣ ਉਹਨਾਂ ਲੋਕਾਂ ਨੂੰ ਭੇਜਿਆ ਜਾ ਰਿਹਾ ਹੈ ਜੋ ਪਿਛਲੇ ਛੇ ਮਹੀਨਿਆਂ ਵਿੱਚ GP ਪ੍ਰੈਕਟਿਸ ਨਾਲ ਰਜਿਸਟਰਡ ਹਨ। ਇਸ ਲਈ ਜੇ ਤੁਸੀਂ ਉਸ ਮਿਆਦ ਦੌਰਾਨ ਕਿਸੇ ਪ੍ਰੈਕਟਿਸ ਨਾਲ ਰਜਿਸਟਰਡ ਸੀ, ਭਾਵੇਂ ਤੁਸੀਂ ਹੁਣ ਨਹੀਂ ਹੋ, ਤਾਂ ਤੁਸੀਂ ਫਿਰ ਵੀ ਸਰਵੇਖਣ ਵਿੱਚ ਭਾਗ ਲੈ ਸਕਦੇ ਹੋ। ਤੁਹਾਡੀ GP ਪ੍ਰੈਕਟਿਸ ਬਾਰੇ ਪੁੱਛੇ ਜਾਂਦੇ ਪ੍ਰਸ਼ਨਾਂ ਲਈ ਕਿਰਪਾ ਕਰਕੇ ਉਸ ਪ੍ਰੈਕਟਿਸ ਲਈ ਪ੍ਰਸ਼ਨਾਂ ਦੇ ਉੱਤਰ ਦਿਓ ਜਿਸ ਨਾਲ ਤੁਸੀਂ ਉਸ ਮਿਆਦ ਦੌਰਾਨ (ਜਾਂ ਉਸ ਮਿਆਦ ਵਿੱਚ ਜ਼ਿਆਦਾਤਰ ਸਮੇਂ ਲਈ) ਰਜਿਸਟਰਡ ਸੀ। ਹਾਲਾਂਕਿ, ਜਨਰਲ ਪ੍ਰੈਕਟਿਸ ਅਪੌਇੰਟਮੈਂਟਾਂ (ਜਾਂ ਹੋਰਾਂ ਸੇਵਾਵਾਂ) ਬਾਰੇ ਪ੍ਰਸ਼ਨਾਂ ਲਈ, ਕਿਰਪਾ ਕਰਕੇ ਕਿਸੇ ਵੀ ਅਜਿਹੀ ਥਾਂ ਬਾਰੇ ਸੋਚੋ ਜਿੱਥੇ ਤੁਸੀਂ ਜਨਰਲ ਪ੍ਰੈਕਟਿਸ ਅਪੌਇੰਟਮੈਂਟ ਲਈ ਗਏ ਸੀ। ਇਹ ਕੋਈ ਵੀ ਜਨਰਲ ਪ੍ਰੈਕਟਿਸ ਵਾਲੀ ਥਾਂ ਹੋ ਸਕਦੀ ਹੈ ਜਿਵੇਂ ਕਿ GP ਪ੍ਰੈਕਟਿਸਾਂ, ਜਾਂ ਹੋਰ ਇਮਾਰਤਾਂ ਜਿਵੇਂ ਕਿ "GP ਹਬਜ਼" ਜਾਂ ਸਿਹਤ ਕੇਂਦਰ।

**ਮੈਂ ਹਾਲ ਹੀ ਵਿੱਚ ਆਪਣੇ GP ਨਾਲ ਸੰਪਰਕ ਨਹੀਂ ਕੀਤਾ ਹੈ, ਕੀ ਫਿਰ ਵੀ ਮੈਨੂੰ ਸਰਵੇਖਣ ਵਿੱਚ ਹਿੱਸਾ ਲੈਣਾ ਚਾਹੀਦਾ ਹੈ?**

ਹਾਂ, ਤੁਸੀਂ ਫਿਰ ਵੀ ਸਰਵੇਖਣ ਵਿੱਚ ਹਿੱਸਾ ਲੈ ਸਕਦੇ ਹੋ। ਜੇ ਕੋਈ ਪ੍ਰਸ਼ਨ ਤੁਹਾਡੇ 'ਤੇ ਲਾਗੂ ਨਹੀਂ ਹੁੰਦਾ ਹੈ, ਤਾਂ ਕਿਰਪਾ ਕਰਕੇ 'ਇਹ ਲਾਗੂ ਨਹੀਂ ਹੁੰਦਾ' ਦੀ ਚੋਣ ਕਰੋ (ਜਿੱਥੇ ਸ਼ਾਮਲ ਕੀਤਾ ਗਿਆ ਹੋਵੇ) ਜਾਂ ਇਸ ਨੂੰ ਖਾਲੀ ਛੱਡ ਦਿਓ। ਆਨਲਾਈਨ ਸਰਵੇਖਣ ਕੁਝ ਪ੍ਰਸ਼ਨਾਂ ਨੂੰ ਆਪਣੇ ਆਪ ਛੱਡ ਦੇਵੇਗਾ ਜੋ ਤੁਹਾਡੇ ਨਾਲ ਸਬੰਧਤ ਨਹੀਂ ਹਨ। ਜੇ ਤੁਸੀਂ ਕਾਗਜ਼ੀ ਪ੍ਰਸ਼ਨਾਵਲੀ ਦੀ ਵਰਤੋਂ ਕਰਦੇ ਹੋਏ ਭਾਗ ਲੈਂਦੇ ਹੋ, ਤਾਂ ਜੋ ਪ੍ਰਸ਼ਨ ਤੁਹਾਡੇ ਨਾਲ ਸਬੰਧਤ ਨਹੀਂ ਹਨ, ਉਹਨਾਂ ਦੇ ਜਵਾਬ ਦੇਣ ਤੋਂ ਬਚਣ ਵਿੱਚ ਤੁਹਾਡੀ ਮਦਦ ਲਈ ਅਸੀਂ ਰੂਟਿੰਗ (ਰਾਹ ਦੱਸਣ ਸਬੰਧੀ) ਹਦਾਇਤਾਂ ਸ਼ਾਮਲ ਕੀਤੀਆਂ ਹਨ।

**ਜੇਕਰ ਮੈਂ ਭਾਗ ਨਾ ਲੈਣਾ ਚਾਹਾਂ ਤਾਂ ਮੈਨੂੰ ਕਿਸ ਨੂੰ ਸੰਪਰਕ ਕਰਨਾ ਚਾਹੀਦਾ ਹੈ?**

ਭਾਗ ਲੈਣਾ ਪੂਰਾ ਤਰ੍ਹਾਂ ਨਾਲ ਸਵੈ-ਇੱਛਤ ਹੈ। ਅਸੀਂ ਆਸ ਕਰਦੇ ਹਾਂ ਕਿ ਤੁਸੀਂ ਹਿੱਸਾ ਲਿਓਗੇ ਕਿਉਂਕਿ ਇਸ ਨਾਲ ਸਾਨੂੰ ਲੋਕਾਂ ਦੇ ਆਪਣੀ GP ਪ੍ਰੈਕਟਿਸ ਅਤੇ ਹੋਰ ਸਥਾਨਕ NHS ਸੇਵਾਵਾਂ ਦੇ ਅਨੁਭਵਾਂ ਦੀ ਸੰਭਵ ਸਰਬੋਤਮ ਤਸਵੀਰ ਮਿਲੇਗੀ।

ਜੇ ਤੁਸੀਂ ਇਸ ਸਰਵੇਖਣ ਬਾਰੇ ਕੋਈ ਰਿਮਾਈਂਡਰ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ Ipsos ਦੀ ਸਰਵੇਖਣ ਹੈਲਪਲਾਈਨ ਨਾਲ ਫ਼੍ਰੀਫ਼ੋਨ 0800 819 9135 (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤ ਦੇ 9 ਵਜੇ ਤੱਕ; ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ) 'ਤੇ ਸੰਪਰਕ ਕਰੋ। ਤੁਸੀਂ Ipsos ਨੂੰ GPPatientSurvey@ipsos@com 'ਤੇ ਈਮੇਲ ਵੀ ਕਰ ਸਕਦੇ ਹੋ।

ਕਿਰਪਾ ਕਰਕੇ ਆਪਣਾ ਐਕਸੈਸ ਕੋਡ ਦੱਸਣ ਲਈ ਤਿਆਰ ਰਹੋ, ਜੋ ਤੁਹਾਨੂੰ ਇਸ ਚਿੱਠੀ ਦੇ ਵਿਚਕਾਰ ਮਿਲ ਸਕਦਾ ਹੈ।

**ਤੁਸੀਂ ਸਰਵੇਖਣ ਵਿੱਚ ਭਾਗ ਲੈਣ ਲਈ ਲੋਕਾਂ ਨਾਲ ਸੰਪਰਕ ਕਿਵੇਂ ਕਰਦੇ ਹੋ? ਕੀ ਇਹ ਸਰਵੇਖਣ ਜਾਇਜ਼ ਹੈ?**

ਤੁਹਾਨੂੰ ਇੱਕ ਸੁਤੰਤਰ ਮਾਰਕੀਟ ਰਿਸਰਚ ਏਜੰਸੀ Ipsos ਦੁਆਰਾ NHS England ਦੀ ਤਰਫੋਂ, GP Patient Survey ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾਵੇਗਾ। ਇਹ ਇੱਕ ਸਵੈ-ਇੱਛਤ ਸਰਵੇਖਣ ਹੈ, ਅਤੇ ਸ਼ੁਰੂਆਤੀ ਸੱਦਾ ਡਾਕ ਦੁਆਰਾ ਭੇਜਿਆ ਜਾਂਦਾ ਹੈ। ਤੁਸੀਂ ਆਨਲਾਈਨ, ਕਾਗਜ਼ 'ਤੇ ਜਾਂ ਸਾਡੀ ਟੈਲੀਫ਼ੋਨ ਹੈਲਪਲਾਈਨ 'ਤੇ ਕਾਲ ਕਰਕੇ ਸਰਵੇਖਣ ਵਿੱਚ ਭਾਗ ਲੈ ਸਕਦੇ ਹੋ।

ਤੁਹਾਨੂੰ ਸਰਵੇਖਣ ਵਿੱਚ ਭਾਗ ਲੈਣ ਲਈ ਸੱਦਾ ਦੇਣ ਜਾਂ ਯਾਦ ਦਿਵਾਉਣ ਵਾਲੇ ਟੈਕਸਟ ਸੁਨੇਹੇ ਜਾਂ ਈਮੇਲਾਂ ਵੀ ਮਿਲ ਸਕਦੀਆਂ ਹਨ। ਹਰ ਟੈਕਸਟ ਸੁਨੇਹੇ ਜਾਂ ਈਮੇਲ ਵਿੱਚ ਜਾਂ ਤਾਂ ਆਨਲਾਈਨ ਸਰਵੇਖਣ ਦਾ ਇੱਕ ਵਿਲੱਖਣ ਲਿੰਕ (ਜਿਸ ਨਾਲ ਤੁਸੀਂ ਆਪਣਾ ਐਕਸੈਸ ਕੋਡ ਦਰਜ ਕੀਤੇ ਬਗੈਰ ਆਨਲਾਈਨ ਭਾਗ ਲੈ ਸਕਦੇ ਹੋ) ਜਾਂ ਇੱਕ ਈ-ਪੱਤਰ ਹੁੰਦਾ ਹੈ ਜਿਸ ਵਿੱਚ ਭਾਗ ਲੈਣ ਦੇ ਤਰੀਕੇ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ।

ਤੁਹਾਨੂੰ ਸਰਵੇਖਣ ਵਿੱਚ ਕੋਈ ਵੀ ਪਛਾਣਯੋਗ ਜਾਣਕਾਰੀ ਦੇਣ ਲਈ ਨਹੀਂ ਕਿਹਾ ਜਾਵੇਗਾ, ਜਿਵੇਂ ਕਿ ਤੁਹਾਡਾ ਨਾਮ, ਪਤਾ, ਜਾਂ ਬੈਂਕ ਦੇ ਵੇਰਵੇ। ਤੁਹਾਨੂੰ ਸਰਵੇਖਣ ਵਿੱਚ ਹਿੱਸਾ ਲੈਣ ਲਈ ਕਹਿਣ ਵਾਸਤੇ ਕੋਈ ਵੀ ਤੁਹਾਡੇ ਘਰ ਨਹੀਂ ਆਏਗਾ ਜਾਂ ਟੈਲੀਫ਼ੋਨ ਰਾਹੀਂ ਤੁਹਾਡੇ ਨਾਲ ਸੰਪਰਕ ਨਹੀਂ ਕਰੇਗਾ। ਕਿਸੇ ਵੀ ਸਮੇਂ, Ipsos ਜਾਂ ਹੋਰ ਖੋਜ ਕੰਪਨੀਆਂ ਦੁਆਰਾ ਚਲਾਏ ਜਾ ਰਹੇ ਹੋਰ ਬਹੁਤ ਸਾਰੇ ਸਰਵੇਖਣ ਹੋਣਗੇ, ਜਿਨ੍ਹਾਂ ਵਿੱਚੋਂ ਕੁਝ ਸਰਵੇਖਣਾਂ ਵਿੱਚ ਇਸ ਸਰਵੇਖਣ ਨਾਲ ਮਿਲਦੇ-ਜੁਲਦੇ ਸਵਾਲ ਪੁੱਛੇ ਸਕਦੇ ਹਨ। ਜੇਕਰ ਕੋਈ ਫਿਰ ਵੀ ਇਹ ਕਹਿੰਦਾ ਹੈ ਕਿ ਉਹ ਤੁਹਾਨੂੰ ਖਾਸ ਤੌਰ 'ਤੇ 'GP Patient Survey' ਵਿੱਚ ਭਾਗ ਲੈਣ ਲਈ ਕਹਿਣ ਵਾਸਤੇ ਕਾਲ ਕਰ ਰਿਹਾ ਹੈ ਜਾਂ ਮਿਲਣ ਆ ਰਿਹਾ ਹੈ, ਤਾਂ ਅਸੀਂ ਜ਼ੋਰਦਾਰ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਉਨ੍ਹਾਂ ਨਾਲ ਗੱਲ ਨਾ ਕਰੋ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਘਰ ਆਉਣ ਦਿਓ, ਅਤੇ ਤੁਸੀਂ ਪੁਲਿਸ ਨਾਲ ਸੰਪਰਕ ਕਰੋ।

ਜੇਕਰ ਸਰਵੇਖਣ ਬਾਰੇ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ Ipsos ਦੀ ਇੱਕ ਫ੍ਰੀਫ਼ੋਨ ਸਰਵੇਖਣ ਹੈਲਪਲਾਈਨ ਹੈ। ਕਿਰਪਾ ਕਰਕੇ 0800 819 9135 'ਤੇ ਕਾਲ ਕਰੋ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 9 ਵਜੇ; ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ)।

**ਮੈਨੂੰ** NHS **ਐਪ ਤੋਂ ਸੂਚਨਾ ਕਿਉਂ ਪ੍ਰਾਪਤ ਹੋਈ ਹੈ**?

ਤੁਹਾਨੂੰ ਸਰਵੇਖਣ ਵਿੱਚ ਭਾਗ ਲੈਣ ਲਈ ਸੱਦਾ ਦੇਣ ਜਾਂ ਯਾਦ ਦਿਵਾਉਣ ਵਾਲੀਆਂ **NHS** ਐਪ ਦੀਆਂ ਸੂਚਨਾਵਾਂ ਵੀ ਪ੍ਰਾਪਤ ਹੋ ਸਕਦੀਆਂ ਹਨ। ਹਰੇਕ ਐਪ ਸੂਚਨਾ ਵਿੱਚ ਔਨਲਾਈਨ ਸਰਵੇਖਣ ਦਾ ਇੱਕ ਵਿਲੱਖਣ ਲਿੰਕ ਹੁੰਦਾ ਹੈ (ਤੁਹਾਨੂੰ ਆਪਣਾ ਐਕਸੈਸ ਕੋਡ ਦਰਜ ਕੀਤੇ ਬਿਨਾਂ ਔਨਲਾਈਨ ਭਾਗ ਲੈਣ ਦੀ ਇਜਾਜ਼ਤ ਦਿੰਦਾ ਹੈ) ਜਾਂ ਇੱਕ ਈ-ਪੱਤਰ ਦਾ ਇੱਕ ਵਿਲੱਖਣ ਲਿੰਕ ਹੁੰਦਾ ਹੈ**,** ਜੋ ਹਿੱਸਾ ਲੈਣ ਦੇ ਤਰੀਕੇ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

## ਆਮ/ਸਧਾਰਣ:

**0800 ਨੰਬਰਾਂ ‘ਤੇ ਕਾਲ ਕਰਨ ਦੀ ਕਿੰਨੀ ਕੀਮਤ ਹੈ?**

0800 ਟੈਲੀਫ਼ੋਨ ਨੰਬਰਾਂ ‘ਤੇ ਕੀਤੀਆਂ ਜਾਣ ਵਾਲੀਆਂ ਸਾਰੀਆਂ ਕਾਲਾਂ ਮੁਫ਼ਤ ਹਨ ਜਦੋਂ ਉਹ ਯੂ.ਕੇ. ਦੇ ਮਾਨਕ ਲੈਂਡਲਾਈਨ ਫ਼ੋਨ ਜਾਂ ਮੋਬਾਈਲ ਤੋਂ ਕੀਤੀਆਂ ਜਾ ਰਹੀਆਂ ਹੋਣ।

**Ipsos ਕੀ ਹੈ?**

Ipsos ਇੱਕ ਰਜਿਸਟਰਡ ਅਤੇ ਆਜ਼ਾਦ ਸਰਵੇਖਣ ਸੰਗਠਨ ਹੈ ਜੋ ਮਾਰਕੀਟ ਰਿਸਰਚ ਸੋਸਾਇਟੀ ਦੇ ਕੰਮ ਕਰਨ ਦੇ ਨੈਤਿਕ ਤਰੀਕਿਆਂ ਨੂੰ ਸਖ਼ਤੀ ਨਾਲ ਅਪਣਾਉਂਦੀ ਹੈ। Ipsos UK ਅਤੇ MORI, ਜਿਹਨਾਂ ਨੂੰ ਤੁਸੀਂ ਅਲੱਗ-ਅਲੱਗ ਤੌਰ 'ਤੇ ਸੁਣਿਆ ਹੋਵੇਗਾ, ਅਕਤੂਬਰ 2005 ਵਿੱਚ ਯੂ.ਕੇ. ਵਿਚਲਾ ਦੂਜਾ ਸਭ ਤੋਂ ਵੱਡਾ ਖੋਜ ਸੰਗਠਨ ਬਣਨ ਲਈ ਆਪਸ ਵਿੱਚ ਮਿਲ ਗਏ ਸਨ।

Ipsos ਨੇ ਮਾਨਤਾ ਪ੍ਰਾਪਤ ਅਵਾਰਡਿੰਗ ਸੰਸਥਾ ਮਾਰਕੀਟਿੰਗ ਕੁਆਲਿਟੀ ਐਸ਼ਿਉਰੈਂਸ (MQA) ਤੋਂ ਨਵਾਂ ਅੰਤਰਰਾਸ਼ਟਰੀ ਮਾਪਦੰਡ ISO 20252 ਅਤੇ ਅੰਤਰਰਾਸ਼ਟਰੀ ਪੱਧਰ ਦੀ ਸੂਚਨਾ ਸੁਰੱਖਿਆ ISO 27001 ਪ੍ਰਾਪਤ ਕੀਤੀ ਹੈ। ਇਹ ਸੰਸਾਰ ਭਰ ਵਿੱਚ ਦੋਵੇਂ ਮਾਪਦੰਡ ਪ੍ਰਾਪਤ ਕਰਨ ਵਾਲੀ ਪਹਿਲੀ ਜਾਂਚ ਕੰਪਨੀ ਹੈ।

Ipsos ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.ipsos.com/en-uk ਉੱਤੇ ਜਾਓ।

## ਗੁਪਤਤਾ ਅਤੇ ਡੇਟਾ ਸੁਰੱਖਿਆ:

ਇਸ ਭਾਗ ਵਿਚਲੀ ਜਾਣਕਾਰੀ ਸਾਡੇ ਵੱਲੋਂ GP Patient Survey ਲਈ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਰਨ ਦੇ ਤਰੀਕੇ ਅਤੇ ਕਾਰਨਾਂ ਬਾਰੇ ਦੱਸਦੀ ਹੈ। ਅਸੀਂ ਇਹ ਵੀ ਦੱਸਦੇ ਹਾਂ ਕਿ ਤੁਹਾਡੇ ਅਧਿਕਾਰ ਕੀ ਹਨ ਅਤੇ ਜੇਕਰ ਤੁਹਾਡੇ ਕੋਲ ਤੁਹਾਡੇ ਡੇਟਾ ਦੀ ਵਰਤੋਂ ਨੂੰ ਲੈ ਕੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ।

**ਤੁਹਾਨੂੰ ਮੇਰੇ ਸੰਪਰਕ ਵੇਰਵੇ ਕਿਵੇਂ ਮਿਲੇ?**

Ipsos ਤੁਹਾਨੂੰ NHS England ਵੱਲੋਂ ਇਹ ਪ੍ਰਸ਼ਨਾਵਲੀ ਭੇਜ ਰਹੀ ਹੈ। ਨਾਮਾਂ ਨੂੰ ਇੱਕ GP ਦੇ ਨਾਲ ਰਜਿਸਟਰਡ ਮਰੀਜ਼ਾਂ ਦੀ NHS ਸੂਚੀ ਵਿੱਚੋਂ ਬੇਤਰਤੀਬੀ ਨਾਲ ਚੁਣਿਆ ਗਿਆ ਸੀ। NHS England ਨੇ ਤੁਹਾਡੇ ਨਿੱਜੀ ਡੇਟਾ ਦੇ ਕੁਝ ਹਿੱਸੇ ਨੂੰ ਹੀ ਸਾਂਝਾ ਕੀਤਾ ਹੈ ਤਾਂ ਜੋ Ipsos ਤੁਹਾਨੂੰ ਇਸ ਖੋਜ ਵਿੱਚ ਹਿੱਸਾ ਲੈਣ ਲਈ ਸੱਦਾ ਭੇਜ ਸਕੇ। ਇਸ ਡੇਟਾ ਵਿੱਚ ਸ਼ਾਮਲ ਹੈ:

- ਤੁਹਾਡਾ ਨਾਮ ਅਤੇ ਪਤਾ
- GP ਪ੍ਰੈਕਟਿਸ ਕੋਡ ਅਤੇ NHS ਨੰਬਰ
- ਲਿੰਗ ਅਤੇ ਜਨਮ ਦਾ ਮਹੀਨਾ/ਸਾਲ
- ਮੋਬਾਈਲ ਟੈਲੀਫੋਨ ਨੰਬਰ (ਜੇ ਉਪਲਬਧ ਹੋਵੇ)

Ipsos ਤੁਹਾਡੇ ਡੇਟਾ ਨੂੰ ਗੁਪਤ ਰੱਖੇਗੀ ਅਤੇ ਤੁਹਾਡੇ ਸੰਪਰਕ ਵੇਰਵਿਆਂ ਦੀ ਵਰਤੋਂ ਸਿਰਫ ਤੁਹਾਨੂੰ ਸਰਵੇਖਣ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਲਈ ਕਰੇਗੀ। ਸਰਵੇਖਣ ਦੇ ਇੱਕ ਵਾਰ ਖਤਮ ਹੋ ਜਾਣ ਤੋਂ ਬਾਅਦ, Ipsos ਸੁਰੱਖਿਅਤ ਢੰਗ ਨਾਲ ਤੁਹਾਡੇ ਸੰਪਰਕ ਵੇਰਵਿਆਂ ਨੂੰ ਨਸ਼ਟ ਕਰ ਦੇਵੇਗੀ, ਜਦੋਂ ਤੱਕ ਤੁਸੀਂ ਭਵਿੱਖੀ ਖੋਜ ਬਾਰੇ ਮੁੜ-ਸੰਪਰਕ ਕਰਨ ਲਈ ਸਹਿਮਤ ਨਹੀਂ ਹੋ ਜਾਂਦੇ ਹੋ, ਇਸ ਸਥਿਤੀ ਵਿੱਚ Ipsos ਤੁਹਾਡੇ ਸੰਪਰਕ ਵੇਰਵਿਆਂ ਨੂੰ 24 ਮਹੀਨਿਆਂ ਲਈ ਸੁਰੱਖਿਅਤ ਰੂਪ ਵਿੱਚ ਰੱਖੇਗਾ। Ipsos ਕੋਲ ਤੁਹਾਡੀ ਸਿਹਤ ਬਾਰੇ ਕੋਈ ਜਾਣਕਾਰੀ ਨਹੀਂ ਹੈ।

**ਤੁਸੀਂ ਕਿਸ ਕਨੂੰਨੀ ਅਧਾਰ 'ਤੇ ਤੁਹਾਡੀ ਨਿੱਜੀ ਡੇਟਾ ਦੀ ਵਰਤੋਂ ਕਰ ਰਹੇ ਹੋ?**

NHS England ਇਹ ਖੋਜ NHS ਦੀ GP ਪ੍ਰੈਕਟਿਸਾਂ ਅਤੇ ਹੋਰ ਸਥਾਨਕ NHS ਸੇਵਾਵਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨ ਲਈ ਕਰਵਾ ਰਹੀ ਹੈ ਤਾਂ ਜੋ ਉਹ ਮਰੀਜ਼ ਦੇ ਸੁਝਾਅ ਦੇ ਜਵਾਬ ਵਿੱਚ ਸਥਾਨਕ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰ ਸਕਣ। ਉਹਨਾਂ ਦਾ ਕਾਨੂੰਨੀ ਫਰਜ਼ ਹੈ (NHS ਐਕਟ 2006 ਦੀ ਧਾਰਾ 13Q ਦੇ ਅਧੀਨ) ਕਿ ਲੋਕਾਂ ਨੂੰ NHS ਮਰੀਜ਼ਾਂ ਲਈ ਸੇਵਾਵਾਂ ਦੀ ਸ਼ੁਰੂਆਤ ਕਰਨ ਵਿੱਚ ਸ਼ਾਮਲ ਕਰੇ।

NHS England GP Patient Survey ਦੇ ਲਈ ਨਿੱਜੀ ਡੇਟਾ ਦੀ ਪ੍ਰੋਸੈਸਿੰਗ ਵਾਸਤੇ ਡੇਟਾ ਨਿਯੰਤ੍ਰਕ ਹੈ, ਜਿਸਦਾ ਭਾਵ ਹੈ ਕਿ ਉਹ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਡੇਟਾ ਦੀ ਵਰਤੋਂ ਯੂ.ਕੇ. ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (UK GDPR) ਦੀ ਪਾਲਣਾ ਕਰਦੀ ਹੋਵੇ।

NHS England ਵੱਲੋਂ GP Patient Survey ਲਈ ਕਨੂੰਨੀ ਤੌਰ 'ਤੇ ਜਾਇਜ਼ ਵਰਤੋਂ ਦਾ ਆਧਾਰ ਹੈ ਆਰਟੀਕਲ 6(1) (e) - *"ਜਨਹਿਤ ਲਈ ਜਾਂ ਨਿਯੰਤ੍ਰਕ ਵਿੱਚ ਨਿਹਿਤ ਕਨੂੰਨੀ ਅਧਿਕਾਰੀ ਦੀ ਕਾਰਵਾਈ ਹੇਠ ਕੀਤੇ ਕਾਰਜ ਦੇ ਪ੍ਰਦਰਸ਼ਨ ਲਈ ਪ੍ਰੋਸੈਸਿੰਗ ਲਾਜ਼ਮੀ ਹੈ"*। ਵਿਸ਼ੇਸ਼ ਸ਼੍ਰੇਣੀ ਦਾ ਨਿੱਜੀ ਡੇਟਾ (ਜਿਵੇਂ ਕਿ ਸਿਹਤ, ਜਾਤੀ ਜਾਂ ਨਸਲ ਮੂਲ ਜਾਂ ਜਿਨਸੀ ਰੁਝਾਨ ਬਾਰੇ ਡਾਟਾ) ਨੂੰ ਪ੍ਰਕਿਰਿਆ ਲਈ ਇੱਕ ਵਾਧੂ ਦੀ ਸ਼ਰਤ ਪੂਰੀ ਕਰਨੀ ਲਾਜ਼ਮੀ ਹੈ, ਧਾਰਾ 9(2)(ਐਚ) ਮੁਤਾਬਕ "*ਕਰਮਚਾਰੀ ਦੀ ਕਾਰਜਸ਼ੀਲ ਸਮਰੱਥਾ ਦੇ ਮੁਲਾਂਕਣ ਲਈ, ਡਾਕਟਰੀ ਜਾਂਚ, ਸਿਹਤ ਜਾਂ ਸਮਾਜਿਕ ਦੇਖਭਾਲ ਜਾਂ ਇਲਾਜ ਦੀ ਵਿਵਸਥਾ ਕਰਨ ਜਾਂ ਸਿਹਤ ਜਾਂ ਸਮਾਜਿਕ ਦੇਖਭਾਲ ਪ੍ਰਣਾਲੀਆਂ ਅਤੇ ਸੇਵਾਵਾਂ ਦਾ ਪ੍ਰਬੰਧਨ ਕਰਨ ਲਈ, ਰੋਕਥਾਮ ਜਾਂ ਕਿੱਤਾਮੁਖੀ ਦਵਾਈ ਦੇ ਉਦੇਸ਼ਾਂ ਲਈ ਪ੍ਰਕਿਰਿਆ ਕਰਨਾ ਜ਼ਰੂਰੀ ਹੈ।*" ਇਸਦਾ ਮਤਲਬ ਹੈ ਕਿ NHS England ਉਚਿਤ ਰੱਖਿਆ ਪ੍ਰਬੰਧਾਂ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਕੋਲ ਮੌਜੂਦ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਖੋਜ ਲਈ ਕਰ ਸਕਦੀ ਹੈ। Ipsos ਸਰਵੇਖਣ ਨੂੰ ਪੂਰਾ ਕਰਾਉਣ ਲਈ NHS England ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੀ ਡੇਟਾ ਪ੍ਰੋਸੈਸਰ ਹੈ।

ਤੁਸੀਂ NHS England ਦੀ ਗੋਪਨੀਅਤਾ ਸੂਚਨਾ https://www.england.nhs.uk/contact-us/privacy/privacy-notice/ 'ਤੇ ਜਾ ਕੇ ਦੇਖ ਸਕਦੇ ਹੋ।

ਸਰਵੇਖਣ ਵਿੱਚ ਭਾਗ ਲੈਣਾ ਸਵੈ-ਇੱਛਤ ਹੈ। ਹਾਲਾਂਕਿ, ਜੇਕਰ ਤੁਸੀਂ ਭਾਗ ਨਹੀਂ ਲੈਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ GPPatientSurvey@ipsos.com 'ਤੇ ਈਮੇਲ ਕਰੋ। ਇਸ ਈਮੇਲ ਵਿੱਚ ਆਪਣਾ ਐਕਸੈਸ ਕੋਡ (ਜੋ ਚਿੱਠੀ ਦੇ ਵਿਚਕਾਰ ਜਾਂ ਪ੍ਰਸ਼ਨਾਵਲੀ ਦੇ ਅਗਲੇ ਪਾਸੇ ਮੌਜੂਦ ਹੈ) ਲਿਖਦੇ ਹੋਏ ਦੱਸੋ ਕਿ ਤੁਸੀਂ ਬਾਹਰ ਨਿਕਲਣਾ ਚਾਹੁੰਦੇ ਹੋ।

**ਕੋਈ ਨੈਸ਼ਨਲ ਡੇਟਾ ਆਪਟ-ਆਉਟ ਇਸ ਸਰਵੇਖਣ 'ਤੇ ਲਾਗੂ ਹੁੰਦੇ ਹਨ?**

ਨਹੀਂ। Department of Health and Social Care ਨੇ ਪੁਸ਼ਟੀ ਕੀਤੀ ਹੈ ਕਿ ਨੈਸ਼ਨਲ ਡੇਟਾ ਆਪਟ-ਆਉਟ ਸਿਰਫ ਉਦੋਂ ਲਾਗੂ ਹੁੰਦਾ ਹੈ ਜਦੋਂ ਮਰੀਜ਼ ਦੀ ਗੁਪਤ ਜਾਣਕਾਰੀ ਦੀ ਵਰਤੋਂ ਵਿਅਕਤੀ ਦੀ ਦੇਖਭਾਲ ਦੇ ਅਲਾਵਾ ਕਿਸੇ ਹੋਰ ਉਦੇਸ਼ਾਂ ਲਈ ਕੀਤੀ ਜਾ ਰਹੀ ਹੋਵੇ। ਮਰੀਜ਼ ਦੀ ਗੁਪਤ ਜਾਣਕਾਰੀ ਵਿੱਚ ਵਿਅਕਤੀ ਬਾਰੇ ਕਲੀਨਿਕਲ ਡੇਟਾ (ਜਿਵੇਂ ਕਿ ਮੈਡੀਕਲ ਸਮੱਸਿਆਵਾਂ, ਸੁਝਾਈਆਂ ਗਈਆਂ ਦਵਾਈਆਂ ਜਾਂ ਪ੍ਰਾਪਤ ਕੀਤੀ ਦੇਖਭਾਲ), ਅਤੇ ਵਿਅਕਤੀ ਦੇ ਮੈਡੀਕਲ ਰਿਕਾਰਡ ਰਾਹੀਂ ਪਹੁੰਚ ਪ੍ਰਾਪਤ ਕੀਤੀ ਗਈ ਵਿਅਕਤੀ ਬਾਰੇ ਕੋਈ ਹੋਰ ਜਾਣਕਾਰੀ ਸ਼ਾਮਲ ਹੁੰਦੀ ਹੈ। GP Patient Survey ਸਰਵੇਖਣ ਕਰਵਾਏ ਜਾਣ ਵਾਲੇ ਵਿਅਕਤੀਆਂ ਨੂੰ ਚੁਣਨ ਅਤੇ ਸੰਪਰਕ ਕਰਨ ਲਈ GP ਪ੍ਰੈਕਟਿਸਾਂ ਦੇ ਮਰੀਜ਼ ਰਜਿਸਟ੍ਰੇਸ਼ਨ ਰਿਕਾਰਡ ਵਿੱਚੋਂ ਲਏ ਗਏ ਜਨਸੰਖਿਅਕੀ ਡੇਟਾ ਅਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰਦਾ ਹੈ। ਇਸ ਨਿੱਜੀ ਡੇਟਾ ਨੂੰ ਮਰੀਜ਼ ਦੀ ਗੁਪਤ ਜਾਣਕਾਰੀ ਵਜੋਂ ਵਰਗੀਕ੍ਰਿਤ ਨਹੀਂ ਕੀਤਾ ਜਾਂਦਾ ਕਿਉਂਕਿ ਕਿਸੇ ਵੀ ਕਲੀਨਿਕ ਜਾਣਕਾਰੀ ਦੀ ਵਰਤੋਂ ਜਾਂ ਉਸ ਤੱਕ ਪਹੁੰਚ ਪ੍ਰਾਪਤ ਨਹੀਂ ਕੀਤੀ ਜਾਂਦੀ ਹੈ। ਇਸ ਲਈ, ਨੈਸ਼ਨਲ ਡੇਟਾ ਆਪਟ-ਆਉਟ GP Patient Survey 'ਤੇ ਲਾਗੂ ਨਹੀਂ ਹੁੰਦਾ।

**ਕੀ ਤੁਹਾਡੇ ਕੋਲ ਮੇਰੇ ਸਿਹਤ ਡੇਟਾ ਤੱਕ ਪਹੁੰਚ ਹੈ?**

ਨਹੀਂ, ਬਿਲਕੁਲ ਨਹੀਂ। Ipsos ਨੂੰ ਸਿਰਫ ਤੁਹਾਡੇ GP ਪ੍ਰੈਕਟਿਸ ਕੋਡ ਅਤੇ NHS ਨੰਬਰ, ਪਤਾ, ਨਾਮ, ਸੰਪਰਕ ਵੇਰਵੇ, ਜਨਮ ਦਾ ਮਹੀਨਾ ਅਤੇ ਸਾਲ, ਅਤੇ ਲਿੰਗ ਬਾਰੇ ਦੱਸਿਆ ਗਿਆ ਹੈ। NHS England ਨੇ Ipsos ਨੂੰ ਤੁਹਾਡੀ ਸਿਹਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ – ਇਹ ਜਾਣਕਾਰੀ ਤੁਹਾਡੇ ਅਤੇ ਤੁਹਾਡੇ GP ਦੇ ਵਿਚਕਾਰ ਗੁਪਤ ਰਹੇਗੀ।

Ipsos ਨੂੰ ਤੁਹਾਡੇ NHS ਨੰਬਰ ਇਸ ਲਈ ਦਿੱਤੇ ਜਾਂਦੇ ਹਨ ਤਾਂ ਜੋ ਜੇਕਰ ਤੁਸੀਂ ਸਰਵੇਖਣ ਵਿੱਚੋਂ ਪਹਿਲਾਂ ਆਪਟ-ਆਉਟ ਕੀਤਾ ਹੈ ਤਾਂ ਉਹ ਤੁਹਾਡੀ ਪਛਾਣ ਕਰ ਸਕਣ ਅਤੇ ਯਕੀਨੀ ਬਣਾਉਣ ਕੀ ਤੁਹਾਨੂੰ ਦੁਬਾਰਾ ਸੰਪਰਕ ਨਾ ਕੀਤਾ ਜਾਵੇ। ਤੁਹਾਡੇ ਸੰਪਰਕ ਵੇਰਵਿਆਂ ਦੀ ਵਰਤੋਂ ਤੁਹਾਨੂੰ ਸਰਵੇਖਣ ਦੇ ਸੰਬੰਧ ਵਿੱਚ ਸੰਪਰਕ ਕਰਨ ਲਈ ਕੀਤੀ ਜਾਂਦੀ ਹੈ, ਅਤੇ GP ਪ੍ਰੈਕਟਿਸ ਕੋਡ ਦੀ ਵਰਤੋਂ ਸਿਰਫ ਜਵਾਬਾਂ ਨੂੰ GP ਕਾਰਜ ਪ੍ਰਣਾਲੀਆਂ ਦੇ ਨਾਲ ਜੋੜਨ ਲਈ ਕੀਤੀ ਜਾਵੇਗੀ।

ਜਨਮ ਦੇ ਮਹੀਨੇ ਅਤੇ ਸਾਲ ਅਤੇ ਲਿੰਗ ਬਾਰੇ ਜਾਣਕਾਰੀ ਦੀ ਵਰਤੋਂ ਸਿਰਫ ਇਹ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਕਿ ਸਰਵੇਖਣ ਦਾ ਗੁਪਤ ਡੇਟਾ ਜਿੰਨਾ ਸੰਭਵ ਹੋ ਸਕੇ ਓਨੀ ਕਰੀਬੀ ਨਾਲ ਅਭਿਆਸ ਅਧੀਨ ਜਨਸੰਖਿਆ ਦੀ ਪ੍ਰੋਫਾਈਲ ਨਾਲ ਮੇਲ ਖਾਵੇ।

**ਮੇਰੇ ਸੰਪਰਕ ਵੇਰਵੇ ਕਿਸ ਨਾਲ ਸਾਂਝੇ ਕੀਤੇ ਜਾਂਦੇ ਹਨ**?

Ipsos ਸਰਵੇਖਣ ਕਰਵਾਉਣ ਲਈ ਕੁਝ ਸਪਲਾਇਰ ਸੰਸਥਾਵਾਂ ਦੇ ਨਾਲ ਕੰਮ ਕਰ ਰਹੀ ਹੈ।ਤੁਹਾਨੂੰ ਭਾਗ ਲੈਣ ਲਈ ਸੱਦਾ ਦੇਣ ਵਾਸਤੇ ਇਸਨੂੰ ਹੇਠ ਲਿਖੇ ਸਪਲਾਇਰ ਸੰਗਠਨਾਂ ਦੇ ਨਾਲ ਤੁਹਾਡੇ ਸੰਪਰਕ ਵੇਰਵਿਆਂ ਨੂੰ ਸਾਂਝਾ ਕਰਨ ਦੀ ਜ਼ਰੂਰਤ ਹੋਵੇਗੀ:

- Adare SEC; ਪੱਤਰਾਂ ਅਤੇ ਪ੍ਰਸ਼ਨਾਵਲੀਆਂ ਨੂੰ ਪ੍ਰਿੰਟ ਕਰਨਾ
- Cisco; ਟੈਕਸਟ ਸੁਨੇਹਿਆਂ ਦੇ ਰਿਮਾਈਂਡਰ ਵੰਡਣਾ
- The Delivery Group ਅਤੇ Royal Mail; ਵਿਤਰਨ ਅਤੇ ਡਾਕ

Google Cloud Platform (GCP) ਸਰਵੇਖਣ ਜਵਾਬਾਂ ਨੂੰ ਇਕੱਠਾ ਕਰਨ ਲਈ ਵਰਤੀਆਂ ਜਾਂਦੀਆਂ ਸਾਰੀਆਂ ਐਪਲੀਕੇਸ਼ਨਾਂ ਅਤੇ ਡੇਟਾ ਲਈ ਹੋਸਟਿੰਗ ਸੇਵਾਵਾਂ ਦੇ ਨਾਲ Ipsos ਪ੍ਰਦਾਨ ਕਰਦਾ ਹੈ: (ਇਹ ਸਭ Ipsos ਦੁਆਰਾ ਪ੍ਰਬੰਧਿਤ ਕੀਤਾ ਜਾਂਦਾ ਹੈ)।

ਇਹ ਸਾਰੇ ਸਪਲਾਇਰ ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨਾਂ ਦੇ ਨਾਲ ਮਾਨਤਾ-ਪ੍ਰਾਪਤ ਹਨ ਅਤੇ ਇਹਨਾਂ ਦੀ ਪਾਲਣਾ ਕਰਦੇ ਹਨ।

**ਕੁਕੀਜ਼**
ਕੁਝ ਆਨਲਾਈਨ ਸਰਵੇਖਣ 'ਕੁਕੀਜ਼' ਦੀ ਵਰਤੋਂ ਰਾਹੀਂ ਜਾਣਕਾਰੀ ਇਕੱਤਰ ਕਰਦੇ ਹਨ। ਇਹ ਤੁਹਾਡੇ ਕੰਪਿਊਟਰ 'ਤੇ ਸਟੋਰ ਹੋਣ ਵਾਲੀਆਂ ਛੋਟੀਆਂ ਫਾਈਲਾਂ ਹੁੰਦੀਆਂ ਹਨ। ਇਹਨਾਂ ਫਾਈਲਾਂ ਦੀ ਵਰਤੋਂ ਜਿੰਨੀ ਹੋ ਸਕੇ ਸੀਮਿਤ ਮਾਤਰਾ ਵਿੱਚ ਅਤੇ ਸਿਰਫ ਕੁਆਲਿਟੀ ਕੰਟ੍ਰੋਲ, ਪ੍ਰਮਾਣਿਕਤਾ ਅਤੇ, ਹੋਰ ਵੀ ਜ਼ਰੂਰੀ ਤੌਰ 'ਤੇ, ਸਾਡੇ ਵੱਲੋਂ ਤੁਹਾਨੂੰ ਅਜਿਹੇ ਆਨਲਾਈਨ ਸਰਵੇਖਣ ਲਈ ਸੱਦਾ ਭੇਜਣ ਤੋਂ ਰੋਕਣ ਲਈ ਕੀਤੀ ਜਾਂਦੀ ਹੈ ਜੋ ਤੁਸੀਂ ਪਹਿਲਾਂ ਹੀ ਪੂਰਾ ਕਰ ਚੁੱਕੇ ਹੋ। ਤੁਹਾਡੇ ਲਈ 'ਕੁਕੀਜ਼' ਨੂੰ ਡਿਲੀਟ ਕਰਨਾ ਜਾਂ ਆਪਣੇ ਕੰਪਿਊਟਰ ਦੀਆਂ ਬ੍ਰਾਊਜ਼ਰ ਸੈਟਿੰਗਾਂ ਨੂੰ ਐਡਜਸਟ ਕਰਕੇ ਉਹਨਾਂ ਦੀ ਵਰਤੋਂ ਨੂੰ ਬੰਦ ਕਰਨਾ ਸੰਭਵ ਹੈ।

Ipsos ਤੁਹਾਡੇ ਆਪਰੇਟਿੰਗ ਸਿਸਟਮ, ਡਿਸਪਲੇ ਸੈਟਿੰਗਾਂ ਅਤੇ ਬ੍ਰਾਊਜ਼ਰ ਦੀ ਕਿਸਮ ਦੇ ਬਾਰੇ ਵੀ ਆਪਣੇ-ਆਪ ਜਾਣਕਾਰੀ ਕੈਪਚਰ ਕਰਦੀ ਹੈ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਸਰਵੇਖਣ ਦੀ ਪ੍ਰਸ਼ਨਾਵਲੀ ਅਜਿਹੀ ਕਿਸਮ ਵਿੱਚ ਮੁਹੱਈਆ ਕੀਤੀ ਜਾਵੇ ਜੋ ਤੁਹਾਡੇ ਕੰਪਿਊਟਰ ਵੱਲੋਂ ਵਰਤੇ ਜਾ ਰਹੇ ਸਾਫਟਵੇਅਰ ਦੇ ਅਨੁਕੂਲ ਹੈ। Ipsos ਤੁਹਾਡੇ ਕੰਪਿਊਟਰ ਵਿੱਚੋਂ ਕੋਈ ਹੋਰ ਜਾਣਕਾਰੀ ਕੈਪਚਰ ਨਹੀਂ ਕਰਦੀ।

**ਤੁਹਾਡੇ ਜਵਾਬਾਂ ਨਾਲ ਕੀ ਹੋਏਗਾ? ਕੀ ਤੁਹਾਡਾ ਡਾਕਟਰ ਇਸ ਸਰਵੇਖਣ ਵਿੱਚ ਤੁਹਾਡੇ ਵੱਲੋਂ ਦਿੱਤੇ ਜਵਾਬ ਦੇਖੇਗਾ?**
ਜਦੋਂ ਤੁਸੀਂ ਸਰਵੇਖਣ ਨੂੰ ਭਰ ਦਿੰਦੇ ਹੋ, ਉਸਤੋਂ ਬਾਅਦ Ipsos ਨਤੀਜਿਆਂ ਨੂੰ ਪ੍ਰਕਾਸ਼ਤ ਕਰਨ ਲਈ ਤੁਹਾਡੇ ਜਵਾਬਾਂ ਨੂੰ ਹੋਰਾਂ ਲੋਕਾਂ ਦੁਆਰਾ ਦਿੱਤੇ ਜਵਾਬਾਂ ਦੇ ਨਾਲ ਰਲਾ ਦੇਵੇਗੀ। ਤੁਹਾਡੇ ਵਿਅਕਤੀਗਤ ਜਵਾਬਾਂ ਨੂੰ ਗੁਪਤ ਰੱਖਿਆ ਜਾਵੇਗਾ। Ipsos ਦੁਆਰਾ ਤੁਹਾਡੇ ਸਰਵੇਖਣ ਦੇ ਜਵਾਬਾਂ ਨੂੰ ਪ੍ਰਵਾਨਤ ਖੋਜੀਆਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਪਰ ਸਿਰਫ਼ ਅਜਿਹੇ ਤਰੀਕੇ ਨਾਲ ਕਿ ਤੁਹਾਡੀ ਪਛਾਣ ਨਾ ਹੋ ਸਕੇ, ਅਤੇ ਜੋ ਡੇਟਾ ਪ੍ਰੋਸੈਸਿੰਗ ਬਾਰੇ ਸਖਤ ਨਿਯਮਾਂ ਦੇ ਅਨੁਸਾਰ ਹੋਵੇ। ਪ੍ਰਕਾਸ਼ਿਤ ਕੀਤੇ ਕੋਈ ਵੀ ਨਤੀਜਿਆਂ ਵਿੱਚ ਕੋਈ ਵੀ ਤੁਹਾਡੀ ਪਛਾਣ ਨਹੀਂ ਕਰ ਪਾਏਗਾ।

ਤੁਹਾਡੇ ਜਵਾਬ ਤੁਹਾਡੇ ਡਾਕਟਰ ਜਾਂ GP ਪ੍ਰੈਕਟਿਸ ਨੂੰ ਵਾਪਸ ਨਹੀਂ ਭੇਜੇ ਜਾਂਦੇ। Ipsos NHS England ਵੱਲੋਂ, ਤੁਹਾਡੇ ਜਵਾਬਾਂ ਨੂੰ ਤੁਹਾਡੀ ਪ੍ਰੈਕਟਿਸ ਬਾਰੇ ਹੋਰ ਫੀਡਬੈਕ ਦੇ ਨਾਲ, GP Patient Survey ਦੀ ਵੈੱਬਸਾਈਟ 'ਤੇ ਗੁਮਨਾਮ ਢੰਗ ਨਾਲ ਪ੍ਰਕਾਸ਼ਿਤ ਕਰਦੀ ਹੈ: https://gp-patient.co.uk/.

**NHS England ਦਾ ਪ੍ਰਮਾਣਿਤ ਸਟਾਫ ਅਤੇ ਖੋਜਕਰਤਾ ਕੌਣ ਹਨ ਅਤੇ ਉਹ ਸਰਵੇਖਣ ਦੀਆਂ ਲੱਭਤਾਂ ਦੀ ਵਰਤੋਂ ਕਿਵੇਂ ਕਰ ਸਕਦੇ ਹਨ?**
ਵਿਅਕਤੀਗਤ ਮਰੀਜ਼ ਪੱਧਰ 'ਤੇ ਸਰਵੇਖਣ ਦੇ ਡੇਟਾ ਦੀ ਵਰਤੋਂ ਕਰਨ ਦੇ ਯੋਗ ਹੋਣ ਲਈ, ਸਾਰੇ ਖੋਜਕਰਤਾਵਾਂ ਨੂੰ, NHS England ਅਤੇ ਹੋਰਨਾਂ ਸੰਸਥਾਵਾਂ ਵੱਲੋਂ ਨਿਯੁਕਤ ਕੀਤੇ ਖੋਜਕਰਤਾਵਾਂ ਦੇ ਸਮੇਤ, ਲਾਜ਼ਮੀ ਤੌਰ 'ਤੇ ਇਜਾਜ਼ਤ ਲਈ ਦਰਖਾਸਤ ਦੇਣੀ ਹੋਵੇਗੀ। ਹਰੇਕ ਬਿਨੈਕਾਰ ਨੂੰ ਕੀਤੇ ਜਾਣ ਵਾਲੇ ਕੰਮ ਬਾਰੇ ਦੱਸਦੇ ਹੋਏ ਪ੍ਰਵਾਨਗੀ ਦੀ ਇੱਕ ਸਖ਼ਤ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਹੋਵੇਗਾ, ਅਤੇ ਸਹਿਮਤ ਹੋਣਾ ਹੋਵੇਗਾ ਕਿ ਕੋਈ ਵੀ ਪ੍ਰਕਾਸ਼ਨ ਪੂਰੀ ਤਰ੍ਹਾਂ ਨਾਲ ਗੁਪਤ ਡੇਟਾ ਦੇ ਸੰਦਰਭ ਵਿੱਚ ਹੋਵੇਗਾ। ਹੋਰ ਸਾਰੇ ਵਰਤੋਂਕਾਰ ਗੁਪਤ ਡੇਟਾ ਤੱਕ ਸਿਰਫ ਰਾਸ਼ਟਰੀ, ICS, PCN ਜਾਂ ਕਾਰਜਪ੍ਰਣਾਲੀ ਪੱਧਰ 'ਤੇ ਪਹੁੰਚ ਪ੍ਰਾਪਤ ਕਰ ਸਕਦੇ ਹਨ।

**ਮੇਰੇ ਨਿੱਜੀ ਡੇਟਾ ਨੂੰ ਕਿੱਥੇ ਰੱਖਿਆ ਜਾਵੇਗਾ ਅਤੇ ਇਸਦੀ ਵਰਤੋਂ ਕਿੱਥੇ ਕੀਤੀ ਜਾਵੇਗੀ?**
ਸਰਵੇਖਣ ਜਵਾਬਾਂ ਨੂੰ ਇਕੱਠਾ ਕਰਨ ਲਈ ਵਰਤੀ ਜਾਂਦੀ ਐਪਲੀਕੇਸ਼ਨ ਦੀ ਮੇਜ਼ਬਾਨੀ ਫ੍ਰੈਂਕਫਰਟ, ਜਰਮਨੀ ਵਿੱਚ Google Cloud Platform (GCP) ਦੁਆਰਾ ਕੀਤੀ ਗਈ ਹੈ, ਅਤੇ ਸਭ ਕੁਝ Ipsos ਦੁਆਰਾ ਪ੍ਰਬੰਧਿਤ ਕੀਤਾ ਗਿਆ ਹੈ।

ਤੁਹਾਡੇ ਦੁਆਰਾ ਭਾਗ ਲੈਣ ਤੋਂ ਬਾਅਦ, ਤੁਹਾਡੇ ਸਾਰੇ ਨਿੱਜੀ ਡੇਟੇ ਨੂੰ Ipsos ਵੱਲੋਂ RackSpace UK ਦੁਆਰਾ ਮੇਜ਼ਬਾਨੀ ਕੀਤੇ ਯੁਨਾਈਟਡ ਕਿੰਗਡਮ ਵਿਚਲੇ ਡੇਟਾ ਕੇਂਦਰਾਂ ਅਤੇ ਸਰਵਰਾਂ ਵਿੱਚ ਸਟੋਰ ਕੀਤਾ ਜਾਵੇਗਾ। RackSpace UK, Ipsos ਸਮੂਹ ਨੂੰ ਪ੍ਰਬੰਧਿਤ ਹੋਸਟਡ ਸੇਵਾਵਾਂ ਪ੍ਰਦਾਨ ਕਰਦਾ ਹੈ, ਇਹ ਸਿਰਫ਼ Ipsos ਲਈ ਸਮਰਪਿਤ ਬੁਨਿਆਦੀ ਢਾਂਚਾ ਹੈ। RackSpace ਓਪਰੇਟਿੰਗ ਸਿਸਟਮ ਪੱਧਰ ਤੱਕ ਸਹਾਇਤਾ ਪ੍ਰਦਾਨ ਕਰਦਾ ਹੈ ਅਤੇ Ipsos ਉਹਨਾਂ ਦੀਆਂ ਸਥਾਪਿਤ ਐਪਲੀਕੇਸ਼ਨਾਂ ਅਤੇ ਡੇਟਾ ਦਾ ਪ੍ਰਬੰਧਨ ਕਰਦਾ ਹੈ।

**ਅਸੀਂ ਇਹ ਯਕੀਨੀ ਕਿਵੇਂ ਬਣਾਵਾਂਗੇ ਕਿ ਤੁਹਾਡੀ ਨਿੱਜੀ ਜਾਣਕਾਰੀ ਸੁਰੱਖਿਅਤ ਹੈ?**
Ipsos ਆਪਣੀ ਜਾਣਕਾਰੀ ਦੀ ਸੁਰੱਖਿਆ ਦੀਆਂ ਜ਼ਿੰਮੇਵਾਰੀਆਂ ਨੂੰ ਗੰਭੀਰਤਾ ਨਾਲ ਲੈਂਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਈ ਸਾਵਧਾਨੀਆਂ ਲਾਗੂ ਕਰਦੀ ਹੈ ਕਿ ਤੁਹਾਡੀ ਜਾਣਕਾਰੀ ਗੁਆਚਣ, ਚੋਰੀ ਹੋਣ ਜਾਂ ਦੁਰਵਰਤੋਂ ਕੀਤੇ ਜਾਣ ਤੋਂ ਸੁਰੱਖਿਅਤ ਰਹੇ। ਸੁਰੱਖਿਆ ਸਾਵਧਾਨੀਆਂ ਵਿੱਚ ਸ਼ਾਮਲ ਹਨ ਦਫਤਰਾਂ ਦੀ ਉਚਿਤ ਭੌਤਿਕ ਸੁਰੱਖਿਆ ਅਤੇ ਕੰਪਿਊਟਰ ਪ੍ਰਬੰਧਾਂ ਤੱਕ ਨਿਯੰਤ੍ਰਿਤ ਅਤੇ ਸੀਮਿਤ ਪਹੁੰਚ। ਇਹ

ਯਕੀਨੀ ਬਣਾਉਣ ਲਈ ਸਖਤ ਉਪਾਅ ਕੀਤੇ ਜਾਂਦੇ ਹਨ ਕਿ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਵੇ ਅਤੇ ਸਿਰਫ ਉਹਨਾਂ ਕਰਮਚਾਰੀਆਂ ਵੱਲੋਂ ਦੇਖਿਆ ਜਾਵੇ ਜੋ ਪ੍ਰੋਜੈਕਟ ਦੇ ਨਾਲ ਸਿੱਧੇ ਤੌਰ 'ਤੇ ਸ਼ਾਮਲ ਹਨ।

Ipsos ਆਪਣੇ ਜਾਣਕਾਰੀ ਸੁਰੱਖਿਆ ਨਿਯੰਤ੍ਰਣਾਂ ਅਤੇ ਕੰਮਕਾਜੀ ਕਾਰਜ ਪ੍ਰਨਾਲੀਆਂ ਦੀ ਨਿਯਮਤ ਤੌਰ 'ਤੇ ਅੰਦਰੂਨੀ ਅਤੇ ਬਾਹਰੀ ਲੇਖਾਪੜਤਾਲ ਕਰਾਉਂਦੀ ਹੈ, ਅਤੇ ਇਹ ਜਾਣਕਾਰੀ ਸੁਰੱਖਿਆ ਦੇ ਅੰਤਰਰਾਸ਼ਟਰੀ ਮਿਆਰ, ISO 27001 ਵੱਲੋਂ ਮਾਨਤਾ ਪ੍ਰਾਪਤ ਹੈ।

ਸਵਾਲਾਂ ਦੇ ਤੁਹਾਡੇ ਵਿਅਕਤੀਗਤ ਜਵਾਬਾਂ ਨੂੰ ਤੁਹਾਡੇ ਨਾਮ,  ਸੰਪਰਕ ਵੇਰਵੇ ਜਾਂ NHS ਨੰਬਰ ਦੇ ਨਾਲ ਨਹੀਂ ਜੋੜਿਆ ਜਾਂਦਾ। Ipsos, ਅਤੇ NHS England ਵੱਲੋਂ ਪ੍ਰਮਾਣਿਤ ਸਟਾਫ ਅਤੇ ਖੋਜਕਰਤਾ, ਵਿਅਕਤੀਗਤ ਜਵਾਬਾਂ ਨੂੰ ਗੁਪਤ ਰੱਖਦੇ ਹਨ ਅਤੇ ਯੂ.ਕੇ. ਜਨਰਲ ਡੇਟਾ ਪ੍ਰੋਟੈਕਸ਼ਨ ਰੈਗੁਲੇਸ਼ਨ ਅਤੇ ਸੰਬੰਧਤ ਹੋਰ ਸਾਰੇ ਕਨੂੰਨਾਂ ਦੇ ਸਾਰੇ ਪਹਿਲੂਆਂ ਅਤੇ ਵਿਧਾਨਾਂ, ਜਿਸ ਵਿੱਚ ਸੁਰੱਖਿਅਤ ਭੰਡਾਰਣ ਦੀਆਂ ਜ਼ਰੂਰਤਾਂ ਵੀ ਸ਼ਾਮਲ ਹਨ, ਦਾ ਪਾਲਣ ਕਰਦੇ ਹਨ।

ਜੇਕਰ ਤੁਸੀਂ ਫਾਲੋ-ਅੱਪ ਸਰਵੇਖਣਾਂ ਜਾਂ ਖੋਜਾਂ ਬਾਰੇ ਸੰਪਰਕ ਕਰਨ ਦੀ ਇਜਾਜ਼ਤ ਦਿੱਤੀ ਹੈ, ਤਾਂ ਤੁਹਾਡੇ ਜਵਾਬ ਤੁਹਾਡੇ ਨਾਮ ਅਤੇ ਸੰਪਰਕ ਵੇਰਵਿਆਂ ਨਾਲ ਲਿੰਕ ਕੀਤੇ ਜਾ ਸਕਦੇ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ 'ਔਨਲਾਈਨ ਸਰਵੇਖਣ' ਦੇ ਤਹਿਤ 'ਜੇਕਰ ਮੈਂ ਹੋਰ ਖੋਜ ਲਈ ਦੁਬਾਰਾ ਸੰਪਰਕ ਕਰਨ ਲਈ ਸਹਿਮਤ ਹਾਂ, ਤਾਂ ਕੀ ਹੁੰਦਾ ਹੈ?' ਦੇਖੋ।

**Ipsos ਮੇਰੇ ਨਿੱਜੀ ਡੇਟਾ ਅਤੇ ਪਛਾਣ ਯੋਗ ਪ੍ਰਤੀਕਿਰਿਆਵਾਂ ਨੂੰ ਕਿੰਨੇ ਸਮੇਂ ਲਈ ਰੱਖੇਗੀ?**

Ipsos ਤੁਹਾਡੇ ਡੇਟਾ ਨੂੰ ਸਿਰਫ ਅਜਿਹੇ ਢੰਗ ਨਾਲ ਰੱਖੇਗੀ ਜੋ ਓਨੇ ਸਮੇਂ ਲਈ ਤੁਹਾਡੀ ਪਛਾਣ ਕਰ ਸਕੇ ਜਿੰਨੇ ਸਮੇਂ ਲਈ ਖੋਜ ਪ੍ਰੋਜੈਕਟ ਅਤੇ ਲੱਭਤਾਂ ਦਾ ਸਮਰਥਨ ਕਰਨਾ ਜ਼ਰੂਰੀ ਹੈ। ਵਿਹਾਰਕ ਤੌਰ 'ਤੇ, ਇਸ ਦਾ ਮਤਲਬ ਹੈ ਕਿ ਇੱਕ ਵਾਰ ਸਾਡੇ ਵੱਲੋਂ ਸੰਤੋਸ਼ਜਨਕ ਢੰਗ ਨਾਲ ਖੋਜ ਦੀਆਂ ਗੁਪਤ ਲੱਭਤਾਂ ਦੀ ਸੂਚਨਾ ਕਰ ਦਿੱਤੇ ਜਾਣ 'ਤੇ, ਅਸੀਂ ਤੁਹਾਡੀ ਪਛਾਣ ਕਰਨ ਵਾਲੇ ਨਿੱਜੀ ਡੇਟਾ ਨੂੰ ਸਾਡੇ ਅਤੇ ਆਪਣੇ ਸਪਲਾਇਰਾਂ ਦੇ ਸਿਸਟਮਾਂ ਤੋਂ ਸੁਰੱਖਿਅਤ ਢੰਗ ਨਾਲ ਹਟਾ ਦੇਵਾਂਗੇ।

ਇਸ ਅਧਿਐਨ ਲਈ, ਅਸੀਂ ਆਪਣੇ ਸਿਸਟਮਾਂ ਵਿੱਚੋਂ ਤੁਹਾਡੇ ਨਿੱਜੀ ਡੇਟਾ ਨੂੰ  ਸਿਤੰਬਰ 2025 ਤੋਂ ਬਾਅਦ ਸੁਰੱਖਿਅਤ ਢੰਗ ਨਾਲ ਹਟਾ ਦੇਵਾਂਗੇ।

ਜੇਕਰ ਤੁਸੀਂ ਸਰਵੇਖਣ ਦੇ ਅੰਤ ਵਿੱਚ ਫਾਲੋ-ਅੱਪ ਸਰਵੇਖਣਾਂ ਜਾਂ ਖੋਜਾਂ ਬਾਰੇ ਸੰਪਰਕ ਕਰਨ ਲਈ ਆਪਣੀ ਇਜਾਜ਼ਤ ਦਿੱਤੀ ਹੈ, ਤਾਂ ਤੁਹਾਡੇ ਸੰਪਰਕ ਵੇਰਵੇ ਅਪ੍ਰੈਲ 2027 ਤੱਕ ਸਾਡੇ ਸਿਸਟਮਾਂ ਤੋਂ ਹਟਾ ਦਿੱਤੇ ਜਾਣਗੇ।

**ਤੁਹਾਡੇ GP practice ਦੀ ਇਸ ਸਰਵੇਖਣ ਵਿੱਚ ਕੀ ਸ਼ਮੂਲੀਅਤ ਹੈ?**

ਇਹ ਪ੍ਰਸ਼ਨਾਵਲੀ ਇੰਗਲੈਂਡ ਦੇ ਇੱਕ GP ਦੇ ਨਾਲ ਰਜਿਸਟਰ ਬੇਤਰਤੀਬੇ ਚੁਣਵੇਂ ਲੋਕਾਂ ਨੂੰ ਭੇਜੀ ਜਾ ਰਹੀ ਹੈ, ਅਤੇ ਤੁਹਾਡੇ ਨਾਮ ਨੂੰ NHS England ਦੇ ਇੱਕ GP ਨਾਲ ਰਜਿਸਟਰਡ ਮਰੀਜ਼ਾਂ ਦੀ ਸੂਚੀ ਵਿੱਚੋਂ ਬੇਤਰਤੀਬੇ ਤੌਰ 'ਤੇ ਚੁਣਿਆ ਗਿਆ ਸੀ।

GP ਪ੍ਰੈਕਟਿਸਾਂ ਸਚੇਤ ਹੋਣੀਆਂ ਚਾਹੀਦੀਆਂ ਹਨ ਕਿ ਸਰਵੇਖਣ ਕਰਵਾਇਆ ਜਾ ਰਿਹਾ ਹੈ। ਸਰਵੇਖਣ ਪੂਰਾ ਹੋ ਜਾਣ ਤੋਂ ਬਾਅਦ, ਉਹਨਾਂ ਕੋਲ ਆਪਣੇ ਅਭਿਆਸ ਲਈ ਗੁਪਤ, ਸਾਂਖਿਅਕੀ ਨਤੀਜਿਆਂ ਤੱਕ ਪਹੁੰਚ ਪ੍ਰਾਪਤ ਹੋਵੇਗੀ ਜੋ ਕਿ GP Patient Survey ਦੀ ਵੈੱਬਸਾਈਟ: https://gp-patient.co.uk/ 'ਤੇ ਉਪਲਬਧ ਹੋਵੇਗੀ, ਉਹਨਾਂ ਕੋਲ ਵਿਅਕਤੀਗਤ ਜਵਾਬਾਂ ਤੱਕ ਪਹੁੰਚ ਪ੍ਰਾਪਤ ਨਹੀਂ ਹੋਵੇਗੀ।

**ਕੀ ਸਰਵੇਖਣ ਨੂੰ ਨੈਤਿਕ ਮਨਜ਼ੂਰੀ ਮਿਲੀ ਹੈ?**

2007 ਵਿੱਚ ਪਹਿਲਾ ਸਰਵੇਖਣ ਸ਼ੁਰੂ ਕਰਨ ਤੋਂ ਪਹਿਲਾਂ Ipsos ਨੇ Central Office for Research Ethics Committee (COREC) ਨਾਲ ਸਲਾਹ ਮਸ਼ਵਰਾ ਕੀਤਾ ਅਤੇ ਇਹ ਦੱਸਿਆ ਗਿਆ ਸੀ ਕਿ ਇਹ ਸਰਵੇਖਣ 'ਸ਼ੁੱਧ ਖੋਜ' ਹੋਣ ਦੀ ਬਜਾਏ 'ਸੇਵਾ ਮੁਲਾਂਕਣ' ਹੈ – ਭਾਵ ਕਿ GP ਵੱਲੋਂ ਆਪਣੇ ਮਰੀਜ਼ਾਂ ਨੂੰ ਦਿੱਤੀ ਜਾਣ ਵਾਲੀ ਸੇਵਾ ਦਾ ਮੁਲਾਂਕਣ ਕਰਨਾ। ਇਸ ਨਤੀਜੇ ਵਜੋਂ, ਇਸ ਸਰਵੇਖਣ ਨੂੰ ਵਿਹਾਰਕ ਮੈਡੀਕਲ ਖੋਜ ਨੈਤਿਕਤਾ ਮਨਜ਼ੂਰੀ ਦੀ ਜ਼ਰੂਰਤ ਨਹੀਂ। ਹਾਲਾਂਕਿ, Ipsos ਖੋਜ ਨੈਤਿਕਤਾਵਾਂ ਦੀ Market Research Society ਦੇ ਜ਼ਾਬਤੇ ਨਾਲ ਪੂਰੀ ਤਰ੍ਹਾਂ ਪਾਲਣਾ ਕਰਦੀ ਹੈ, ਅਤੇ ਮੁਹੱਈਆ ਕੀਤੀ ਜਾਣ ਵਾਲੀ ਮਰੀਜ਼ ਦੀ ਜਾਣਕਾਰੀ ਦੀ ਵਰਤੋਂ ਇਸ ਸਰਵੇਖਣ ਦੇ ਉਦੇਸ਼ ਤੋਂ ਅਲਾਵਾ ਹੋਰ ਕਿਸੇ ਵੀ ਉਦੇਸ਼ ਲਈ ਨਹੀਂ ਕੀਤੀ ਜਾਂਦੀ।

**ਯੂ.ਕੇ. ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (UK GDPR)**

UK GDPR ਵਿੱਚ ਕਈ ਅਧਿਕਾਰ ਸ਼ਾਮਲ ਹਨ, ਹਾਲਾਂਕਿ ਇਹ ਸਾਰੇ ਅਧਿਕਾਰ ਉੱਥੇ ਲਾਗੂ ਨਹੀਂ ਹੁੰਦੇ ਜਿੱਥੇ ਕੰਮ ਕਰਨ ਦਾ ਕਨੂੰਨੀ ਅਧਾਰ ਜਨ ਕਾਰਜ ਹੋਵੇ, ਇਸ ਵਿੱਚ ਡੇਟਾ ਨੂੰ ਮਿਟਾਉਣ ਅਤੇ ਡੇਟਾ ਪੋਰਟੇਬਿਲਟੀ ਦੇ ਅਧਿਕਾਰ ਵੀ ਸ਼ਾਮਲ ਹਨl

ਤੁਹਾਡੇ ਕੋਲ Ipsos ਵੱਲੋਂ ਰੱਖੇ ਜਾਣ ਵਾਲੇ ਕਿਸੇ ਵੀ ਨਿੱਜੀ ਡੇਟਾ ਤੱਕ ਉਸਨੂੰ ਮਿਟਾਏ ਜਾਣ ਤੋਂ ਪਹਿਲਾਂ ਸਿਤੰਬਰ 2025 ਤੱਕ ਪਹੁੰਚ ਕਰਨ ਦੀ ਮੰਗ ਕਰਨ ਦਾ ਅਧਿਕਾਰ ਹੈl ਤੁਸੀਂ ਸਰਵੇਖਣ ਵਿੱਚ ਜੋ ਆਪਣਾ ਨਿੱਜੀ ਡੇਟਾ ਅਤੇ ਜਵਾਬ ਦਿੰਦੇ ਹੋ, ਤੁਸੀਂ ਡੇਟਾ ਨੂੰ ਰਿਪੋਰਟ ਕੀਤੇ ਜਾਣ ਲਈ ਵਰਤੋਂ ਕੀਤੇ ਜਾਣ ਤੋਂ ਪਹਿਲਾਂ ਕਿਸੇ ਵੀ ਸਮੇਂ ਉਸ 'ਤੇ ਪ੍ਰਕਿਰਿਆ ਕੀਤੇ ਜਾਣ 'ਤੇ ਇਤਰਾਜ਼ ਜਤਾ ਸਕਦੇ ਹੋ (31 ਮਾਰਚ 2025) l

NHS England ਤੁਹਾਡੇ ਅਧਿਕਾਰਾਂ ਨਾਲ ਸੰਬੰਧਤ ਬੇਨਤੀਆਂ ਲਈ ਆਮ ਤੌਰ 'ਤੇ ਇੱਕ ਮਹੀਨੇ ਦੇ ਅੰਦਰ ਜਵਾਬ ਦੇਵੇਗਾ, ਹਾਲਾਂਕਿ ਇਸ ਵਿੱਚ ਕੁਝ ਅਪਵਾਦ ਵੀ ਹਨl NHS England ਦੀ ਨਿੱਜਤਾ ਸੂਚਨਾ ਤੁਹਾਡੇ ਅਧਿਕਾਰਾਂ ਅਤੇ ਉਹਨਾਂ ਦੀ ਵਰਤੋਂ ਦੀ ਤਰੀਕੇ ਨੂੰ ਸਮਝਾਉਂਦੀ ਹੈ।

ਜੇਕਰ ਤੁਹਾਨੂੰ ਇਸ ਗੱਲ ਨੂੰ ਲੈ ਕੇ ਕੋਈ ਚਿੰਤਾਵਾਂ ਹਨ ਕਿ ਅਸੀਂ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਿਵੇਂ ਕੀਤੀ ਹੈ ਤਾਂ ਤੁਹਾਡੇ ਕੋਲ Information Commissioner's Office (ICO) ਨੂੰ ਸ਼ਿਕਾਇਤ ਦਰਜ ਕਰਾਉਣ ਦਾ ਅਧਿਕਾਰ ਹੈl Information Commissioner's Office ਨਾਲ ਸੰਪਰਕ ਕਿਵੇਂ ਕਰਨਾ ਹੈ ਇਸ ਬਾਰੇ ਜਾਣਕਾਰੀ ਤੁਸੀਂ https://ico.org.uk/global/contact-us/ ਤੋਂ ਜਾਂ ਇਸ ਈਮੇਲ ਪਤੇ 'ਤੇ ਈਮੇਲ ਭੇਜ ਕੇ ਲੈ ਸਕਦੇ ਹੋ: casework@ico.org.uk

**ਮੈਂ ਇਸ ਸਰਵੇਖਣ ਅਤੇ/ਜਾਂ ਆਪਣੇ ਨਿੱਜੀ ਡੇਟਾ ਦੇ ਬਾਰੇ ਵਿੱਚ Ipsos ਅਤੇ NHS England ਨਾਲ ਸੰਪਰਕ ਕਿਵੇਂ ਕਰ ਸਕਦਾ/ਸਕਦੀ ਹਾਂ?**

**Ipsos ਨਾਲ ਸੰਪਰਕ ਕਰੋ:**

ਜੇਕਰ ਤੁਹਾਡੇ ਇਸ ਖੋਜ ਦੇ ਬਾਰੇ ਕੋਈ ਸਵਾਲ ਹਨ ਜਾਂ ਜੇ ਤੁਹਾਨੂੰ ਇਸ ਨਿੱਜਤਾ ਨੋਟਿਸ, ਡੇਟਾ ਸੁਰੱਖਿਆ ਕਾਨੂੰਨਾਂ ਜਾਂ ਤੁਹਾਡੇ ਬਾਰੇ ਸਾਡੇ ਕੋਲ ਰੱਖੀ ਗਈ ਜਾਣਕਾਰੀ ਦੀ ਪਾਲਣਾ ਬਾਰੇ ਹੋਰ ਜਾਣਕਾਰੀ ਦੀ ਜ਼ਰੂਰਤ ਹੈ, ਤਾਂ ਕਿਰਪਾ ਕਰਕੇ ਖੋਜ ਟੀਮ ਦੇ ਨਾਲ ਸੰਪਰਕ ਕਰੋ। ਉਹਨਾਂ ਨਾਲ ਇਸ ਦੁਆਰਾ ਸੰਪਰਕ ਕੀਤਾ ਜਾ ਸਕਦਾ ਹੈ:

ਈਮੇਲ: GPPatientSurvey@ipsos.com

ਡਾਕ:

The GPPS Team - Ipsos
3 Thomas More Square
London E1W 1YW

**NHS England ਨਾਲ ਸੰਪਰਕ ਕਰੋ:**

ਈਮੇਲ: england.contactus@nhs.net

ਟੈਲੀਫੋਨ: 0300 311 22 33

ਡਾਕ:

NHS England
PO Box 16738
Redditch
B97 9PT